ਸਾਂਝੀ ਸੋਚ ਅਖ਼ਬਾਰ
ਅਤੇ ਟੀ.ਵੀ. ਨਾਲ
ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 90418 78800

ਸਾਂਝੀ ਸੋਚ
SANJHI SOCH HD
ਸਾਂਝੀ ਸੋਚ
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

DOWNLOAD THE APP
NOW AVAILABLE ON
24x7
LIVE STREAMING
ਸਾਂਝੀ ਸੋਚ ਟੀ ਵੀ Mobile App
'ਤੇ ਵੀ ਉਪਲਬਧ

VOL-11 ISSUE 1813 | 26 July, 2024 Friday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ਼ ਦੁਨੀਆਂ | +1 (209) 303-1260

# ਅਮਰੀਕਾ ਵੱਲੋਂ ਆਪਣੇ ਨਾਗਰਿਕਾਂ ਲਈ ਭਾਰਤ ਯਾਤਰਾ ਸੰਬੰਧੀ ਐਡਵਾਈਜ਼ਰੀ ਜਾਰੀ

**ਨਿਊਯਾਰਕ ਸਾਂਝੀ ਸੋਚ ਬਿਊਰੋ**




ਅਮਰੀਕਾ ਵੱਲੋਂ ਆਪਣੇ ਨਾਗਰਿਕਾਂ ਨੂੰ ਮਨੀਪੁਰ, ਜੰਮੂ ਕਸ਼ਮੀਰ, ਭਾਰਤ-ਪਾਕਿਸਤਾਨ ਸਰਹੱਦ ਅਤੇ ਭਾਰਤ ਦੇ ਕੇਂਦਰੀ ਤੇ ਪੂਰਬੀ ਹਿੱਸਿਆਂ ਜਿੱਥੇ ਕਿ ਨਕਸਲਵਾਦੀ ਸਰਗਰਮ ਹਨ, ਵਿਚ ਨਾ ਜਾਣ ਦੀ ਹਦਾਇਤ ਕੀਤੀ ਗਈ ਹੈ। ਭਾਰਤ ਲਈ ਜਾਰੀ ਕੀਤੀ ਨਵੀਂ ਐਡਵਾਈਜ਼ਰੀ ਵਿਚ ਅਮਰੀਕਾ ਦੇ ਵਿਦੇਸ਼ ਵਿਭਾਗ ਨੇ ਕਿਹਾ ਕਿ ਉੱਤਰ-ਪੂਰਬੀ ਸੂਬਿਆਂ ਦੇ ਹਾਲਾਤ ਬਾਰੇ ਜਾਣਕਾਰੀ ਦੇਣ ਲਈ ਇਹ ਨਵੀਂ ਐਡਵਾਈਜ਼ਰੀ ਜਾਰੀ ਕੀਤੀ ਗਈ ਹੈ। ਇਸ ਵਿਚ ਕਿਹਾ ਗਿਆ ਹੈ, "ਅਪਰਾਧ ਤੇ ਅੱਤਵਾਦੀ ਕਾਰਨ ਭਾਰਤ ਵਿਚ ਚੌਕਸੀ ਵਧਾ ਦਿੱਤੀ ਗਈ ਹੈ। ਕੁਝ ਇਲਾਕਿਆਂ ਵਿਚ ਖ਼ਤਰਾ ਵਧ ਗਿਆ ਹੈ।" ਸਮੁੱਚੇ ਭਾਰਤ ਨੂੰ ਲੈਵਲ 2 'ਤੇ ਰੱਖਿਆ ਗਿਆ ਹੈ ਪਰ ਦੇਸ਼ ਦੇ ਵੱਖ-ਵੱਖ ਹਿੱਸਿਆਂ ਜਿਵੇਂ ਕਿ ਜੰਮੂ ਕਸ਼ਮੀਰ, ਭਾਰਤ-ਪਾਕਿਸਤਾਨ ਸਰਹੱਦ, ਮਨੀਪੁਰ ਅਤੇ ਕੇਂਦਰੀ ਤੇ ਪੂਰਬੀ ਭਾਰਤ ਦੇ ਵੱਖ-ਵੱਖ ਹਿੱਸਿਆਂ ਨੂੰ ਲੈਵਲ 4 'ਤੇ ਰੱਖਿਆ ਗਿਆ ਹੈ।

ਵਿਦੇਸ਼ ਵਿਭਾਗ ਨੇ ਕਿਹਾ ਹੈ, "ਅੱਤਵਾਦੀ ਤੇ ਅਸ਼ਾਂਤੀ ਕਾਰਨ ਜੰਮੂ ਕਸ਼ਮੀਰ ਕੇਂਦਰ ਸ਼ਾਸਿਤ ਪ੍ਰਦੇਸ਼ (ਪੂਰਬੀ ਲੱਦਾਖ਼ ਖੇਤਰ ਤੇ ਇਸ ਦੀ ਰਾਜਧਾਨੀ ਲੇਹ ਨੂੰ ਛੱਡ ਕੇ) ਦੀ ਯਾਤਰਾ ਨਾ ਕੀਤੀ ਜਾਵੇ। ਇਸ ਤੋਂ ਇਲਾਵਾ ਭਾਰਤ-ਪਾਕਿਸਤਾਨ ਸਰਹੱਦ 'ਤੇ ਚੱਲ ਰਹੇ ਫੌਜੀ ਸੰਘਰਸ਼ ਕਾਰਨ ਇਸ ਦੇ 10 ਕਿਲੋਮੀਟਰ ਦੇ ਦਾਇਰੇ ਅੰਦਰ, ਅੱਤਵਾਦ ਕਾਰਨ ਕੇਂਦਰੀ ਅਤੇ ਪੂਰਬੀ ਭਾਰਤ ਦਾ ਸਫ਼ਰ ਨਾ ਕੀਤਾ ਜਾਵੇ ਅਤੇ ਹਿੰਸਾ ਤੇ ਅਪਰਾਧ ਕਾਰਨ ਮਨੀਪੁਰ ਦੀ ਯਾਤਰਾ ਨਾ ਕੀਤੀ ਜਾਵੇ।"

# ਨਵੀਂ ਪੀੜ੍ਹੀ ਦੇਸ਼ ਦੀ ਵਾਗਡੋਰ ਵਧੀਆ ਤਰੀਕੇ ਨਾਲ ਸੰਭਾਲ ਸਕਦੀ: ਬਾਈਡੇਨ

**ਵਾਸ਼ਿੰਗਟਨ ਸਾਂਝੀ ਸੋਚ ਬਿਊਰੋ**



ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਨੇ ਕਿਹਾ ਕਿ ਉਨ੍ਹਾਂ ਨੇ ਨਵੀਂ ਪੀੜ੍ਹੀ ਨੂੰ ਕਮਾਨ ਸੌਂਪਣ ਦਾ ਫ਼ੈਸਲਾ ਕੀਤਾ ਹੈ ਅਤੇ ਅੱਗੇ ਵਧਣ ਦਾ ਇਹ ਸਹੀ ਤਰੀਕਾ ਹੈ। ਬਾਈਡੇਨ ਨੇ ਆਪਣੇ ਦਫ਼ਤਰ ਤੋਂ ਰਾਸ਼ਟਰ ਨੂੰ ਸੰਬੋਧਨ ਕਰਦਿਆਂ ਇਹ ਗੱਲ ਕਹੀ। ਉਸਨੇ ਕਿਹਾ, "ਮੈਂ ਫ਼ੈਸਲਾ ਕੀਤਾ ਕਿ ਅੱਗੇ ਵਧਣ ਦਾ ਸਭ ਤੋਂ ਵਧੀਆ ਤਰੀਕਾ ਨਵੀਂ ਪੀੜ੍ਹੀ ਨੂੰ ਵਾਗਡੋਰ ਸੌਂਪਣਾ ਹੈ। ਇਹ ਸਾਡੇ ਦੇਸ਼ ਨੂੰ ਇਕਜੁੱਟ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ। ਜਨਤਕ ਜੀਵਨ ਵਿੱਚ ਲੰਮਾ ਤਜਰਬਾ ਹਾਸਲ ਕਰਨ ਲਈ ਇੱਕ ਸਮਾਂ ਅਤੇ ਸਥਾਨ ਹੁੰਦਾ ਹੈ ਅਤੇ ਇਸਦੇ ਨਾਲ ਹੀ, ਨਵੀਂ ਆਵਾਜ਼ਾਂ ਅਤੇ ਨੌਜਵਾਨ ਵਿਚਾਰਾਂ ਲਈ ਇੱਕ ਸਮਾਂ ਅਤੇ ਸਥਾਨ ਹੁੰਦਾ ਹੈ, ਇਸ ਲਈ ਉਹ ਸਮਾਂ ਅਤੇ ਸਥਾਨ ਇਹ ਹੈ।"

ਬਾਈਡੇਨ ਨੇ ਰਾਸ਼ਟਰਪਤੀ ਦੇ ਰੂਪ ਵਿੱਚ ਆਪਣੇ ਸੰਬੋਧਨ ਵਿੱਚ ਰਾਸ਼ਟਰ ਨੂੰ ਸੰਬੋਧਿਤ ਕੀਤਾ। ਇਹ ਬਿਆਨ ਅਹੁਦੇ ਦੀ ਦੌੜ ਤੋਂ ਹਟਣ ਅਤੇ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਵਜੋਂ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੇ ਨਾਂ ਦਾ ਸਮਰਥਨ ਕਰਨ ਤੋਂ ਤਿੰਨ ਦਿਨ ਬਾਅਦ ਆਇਆ ਹੈ। ਹੈਰਿਸ ਹੁਣ ਸੰਭਾਵਿਤ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਹਨ। ਬਾਈਡੇਨ ਨੇ ਓਵਲ ਦਫਤਰ ਤੋਂ ਕਿਹਾ, "ਮੇਰਾ ਮੰਨਣਾ ਹੈ ਕਿ ਅਮਰੀਕਾ ਇੱਕ ਨਾਜ਼ੁਕ ਮੋੜ 'ਤੇ ਹੈ। ਅੱਜ ਅਸੀਂ ਜੋ ਫ਼ੈਸਲੇ ਲੈਂਦੇ ਹਾਂ, ਉਹ ਦਹਾਕਿਆਂ ਤੱਕ ਸਾਡੇ ਦੇਸ਼ ਅਤੇ ਦੁਨੀਆ ਦਾ ਭਵਿੱਖ ਤੈਅ ਕਰਨਗੇ।" ਰਾਸ਼ਟਰਪਤੀ ਦੇ ਸੰਬੋਧਨ ਦੌਰਾਨ ਫਸਟ ਲੇਡੀ ਜਿਲ ਬਾਈਡੇਨ, ਬੇਟੇ ਹੰਟਰ ਬਾਈਡੇਨ ਅਤੇ ਉਨ੍ਹਾਂ ਦੇ ਪਰਿਵਾਰ ਦੇ ਕਈ ਮੈਂਬਰ ਮੌਜੂਦ ਸਨ।

Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

GINNY BEDI LAW PC
Immigration
Divorce
Custody and Support issues
Business Disputes
Living Trusts
Criminal Matters
Misdemeanors
DUI
Ginny Bedi Attorney
ਤੁਸੀਂ ਸਾਡੇ ਨਾਲ ਪੰਜਾਬੀ ਵਿੱਚ ਗੱਲਬਾਤ ਕਰ ਸਕਦੇ ਹੋ।
255 N Market St Ste 150 San Jose CA 95110
Tel: (408) 800-0242 Fax: (408) 800-0240, Mobile: (408) 802-2501
Email: ginny@ginnybedilaw.com Web: www.ginnybedilaw.com

Serving Punjabi Mother Tongue In America For The Last 12 Years
ਸਾਂਝੀ ਸੋਚ
DAILY SANJHI SOCH NEWSPAPER
LAUNCHING SOON IN Canada
ਖ਼ਬਰਾਂ, ਆਰਟੀਕਲ, ਕਵਿਤਾਵਾਂ, ਕਹਾਣੀਆਂ ਅਤੇ ਹੋਰ ਛਪਣਯੋਗ ਸਮੱਗਰੀ
LAUNCHING SOON
info@sanjhisoch.com ਤੇ ਭੇਜੋ
+1 (209) 303-1260 +91 81463-20009

Law Offices of Ashwani K.Bhakhri
1299 Bayshore Hwy Suite 208 Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334 (916) 379-9700 (209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality Wedding Videos Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor ®
ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।
Contact : Cell (209) 550-1704
220 - A Standiford Ave, Modesto, CA 95350, kkaur@mycvre.com

Space availabe for Ad
Contact #
+1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Simranveer Singh
Realtor
The JRP Group
Ph: (414) 551-0530
DRE #02114137

PAL FILMS & PHOTO BOOKS
WWW.PALFILMS.COM
All Your Photo/Videography & Post Production needs Under One Roof
Music Video | Pre Shoots | Weddings | Birthdays | Graduations Stage Shows Or Any Kind Of Events | Customize Photobooks (upto 6 feet) Video Editing VFX/DI/CC & Much More....
Full Photo & Videography studio with Green Screen Blue Screen
PH: (925) 489 3400, (341) 356 1517
4007 Railroad Ave Pittsburgh, CA 94565 | Email: palfilms@yahoo.com, palfilms925@gmail.com

# JRP REALTY GROUP

A TRADITION OF REAL ESTATE EXCELLENCE

**SERVING CALIFORNIA FOR COMMERCIAL REAL ESTATE NEEDS**




Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS

**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ **Pre-Approvals** ਪ੍ਰਾਪਤ ਕਰੋ

# LENDINGASSETS

Elevating Your Mortgage Experience

## Home Loan ਘਰਾਂ ਦੇ ਲੋਨ

- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**

EQUAL HOUSING OPPORTUNITY



**Apply online at www.lendingassets.com and check out the live lowest rates on our website**


OPEN
NAV INDIAN MERCHANDISE
GROCERY STORE
3230 MITCHELL ROAD, STE, C, CERES, CA 95307
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ
ਇੱਕ ਵਾਰ Visit ਜ਼ਰੂਰ ਕਰੋ।
Ria MONEY TRANSFER
INDIA
ਪੈਸੇ ਭੇਜਣ ਲਈ
RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Contact Number
+1 (209) 537-5702

ਸਾਂਝੀ ਸੋਚ
SANJHI SOCH

www.sanjhisoch.com

PATTRON: HARJIT BASI

MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH

DAILY NEWSPAPER

2601 Oakdale Road, Suite H2-167 Modesto, CA 95355 USA

Cell: (209) 303-1260

Email: info@sanjhisoch.com

Visit at: www.sanjhisoch.com

# ਮਹਿੰਗਾਈ ਕੋਈ ਕੁਦਰਤੀ ਵਰਤਾਰਾ ਨਹੀਂ ਇਹ ਹਾਕਮਾਂ ਦੀ ਦੇਣ ਹੈ?



ਸਾਂਝੀ ਸੋਚ
ਰਾਜਿੰਦਰ ਕੌਰ ਚੋਹਕਾ
ਕੈਲੇਗਰੀ (ਕੈਨੇਡਾ)
91-98725-44738
001-40385-4208
chohkarajinder@gmail.com

ਕੇਂਦਰ ਦੀ ਬੀ.ਜੇ.ਪੀ. (ਹੁਣ ਐਨ.ਡੀ.ਏ.) ਦੀ ਮੋਦੀ ਸਰਕਾਰ ਪਿਛਲੇ ਕਈਆਂ ਸਾਲਾਂ ਤੋਂ ਇਹ ਪ੍ਰਚਾਰ ਕਰਦੀ ਆ ਰਹੀ ਹੈ ਕਿ ਦੇਸ਼ ਦੇ ਅੰਦਰ ਕੀਮਤਾਂ ਕਾਬੂ ਹੇਠ ਹਨ ਅਤੇ 'ਮਹਿੰਗਾਈ ਘੱਟ ਰਹੀ ਹੈ। ਪਰ: ਇਨ੍ਹਾਂ ਬਿਆਨਾਂ ਦੇ ਉਲੱਟ 'ਰਿਜ਼ਰਵ ਬੈਂਕੱ ਦਾ ਇਹ ਕੱਥਨ ਹੈ, ਕਿ ਖੁਦਰਾ ਦੀ ਮਹਿੰਗਾਈ 4-ਫੀ-ਸੱਦ ਤੋਂ ਹੇਠਾਂ ਲਿਆਉਣ ਲਈ ਪੂਰੀਆਂ ਕੋਸ਼ਿਸ਼ਾਂ ਜਾਰੀ ਹਨ। ਪਰ ! ਜਮੀਨੀ ਸਚਾਈ ਕੁਝ ਹੋਰ ਹੀ ਹੈ। ਜੂਨ, 2024 ਦੇ ਮਹੀਨੇ ਵਿਚ ਅਨਾਜ ਦੀਆਂ ਕੀਮਤਾਂ ਵਿੱਚ 8.75-ਫੀ-ਸਦ, ਫਲਾਂ ਦੀਆਂ ਕੀਮਤਾਂ ਵਿੱਚ 7.15-ਫੀ ਸੱਦ, ਸਬਜ਼ੀਆਂ ਦੀਆਂ ਕੀਮਤਾਂ ਵਿੱਚ 29.32-ਫੀ ਸਦ ਅਤੇ ਦਾਲਾਂ ਦੀਆਂ ਕੀਮਤਾਂ ਵਿੱਚ 16.07-ਫੀ ਸਦ ਦਾ ਵਾਧਾ ਦਰਜ ਕੀਤਾ ਗਿਆ ਹੈ। ਇਸ ਤੋਂ ਬਿਨਾਂ ਇਕ ਗਰੀਬ ਨੂੰ ਚੁੱਲ੍ਹਾ ਤਪਾਉਣ ਲਈ ਰਸੋਈ ਗੈਸ, ਬਾਲਣ ਅਤੇ ਪਾਣੀ ਦੀ ਲੋੜ ਹੁੰਦੀ ਹੈ। ਰਸੋਈ ਗੈਸ ਦੀਆਂ ਕੀਮਤਾਂ ਵੀ ਕਈ ਗੁਣਾਂ, ਵਾਰ-ਵਾਰ ਵਧਾਈਆਂ ਗਈਆਂ ਹਨ। ਅੱਜ !

ਪੰਜ ਜੀਆਂ ਦਾ ਪ੍ਰੀਵਾਰ ਜਿਹੜਾ ਇਕ ਦਿਨ 'ਚ 2 ਤੋਂ 2.5 ਡਾਲਰ ਕਮਾਉਂਦਾ ਹੈ, ਉਸ ਦਾ ਚੁੱਲ੍ਹਾ ਤੱਪਣਾ ਬਹੁਤ ਹੀ ਮੁਸ਼ਕਿਲ ਹੋ ਰਿਹਾ ਹੈ। ਭਾਵੇਂ ਦੇਸ਼ ਦੇ ਪ੍ਰਧਾਨਮੰਤਰੀ ਵਲੋਂ ਦੇਸ਼ ਦੀ ਆਰਥਿਕ ਵਿਕਾਸ ਦਾ ਘੋੜਾ ਦੁਨੀਆਂ ਵਿੱਚ ਫਸਟ ਆਉਣ ਵਾਲੀ ਲਾਈਨ ਦੇ ਨੇੜੇ-ਤੇੜੇ ਪੁੱਜਣ ਦੀਆਂ ਸੀਟੀਆਂ ਵਜਾਈਆਂ ਜਾ ਰਹੀਆਂ ਨ, ਪਰ ! ਦੇਸ਼ ਦੇ 80 ਕਰੋੜ ਤੋਂ ਵੀ ਵੱਧ ਅਵਾਮ ਅਤਿ ਦੀ ਇਸ ਮਹਿੰਗਾਈ ਵਿਚ ਦੋ ਟੁੱਕ ਦੀ ਰੋਟੀ ਤੋਂ ਆਤੁਰ ਹੁਣ ''ਸਰਕਾਰੀ ਰੋਟੀ ਵੱਲ ਝਾਕਦੇਂ ਨਜ਼ਰ ਆਉਂਦੇ ਹਨ। ਅੱਜ ਮਹਿੰਗਾਈ ਵਿਚ ਇਹ ਵਾਧਾ ਉਪੱਰ ਨੂੰ ਟੀਸੀ ਵੱਲ ਜਾ ਰਿਹਾ ਹੈ। ਪਰ ! ਹਾਕਮੀ ਦਾਅਵੇ ਮਹਿੰਗਾਈ ਰੋਕਣ ਅਤੇ ਕਾਬੂ ਕਰਨ ਵਿਚ ਅਸਫ਼ਲ ਹੋਏ ਨਜ਼ਰ ਆਉਂਦੇ ਹਨ।

ਮੋਦੀ ਸਰਕਾਰ ਦੀਆਂ ਮੌਜੂਦਾ ਨੀਤੀਆਂ ਜੋ ਪੂੰਜੀਵਾਦੀ ਕਾਰਪੋਰੇਟੀ ਅਤਿ ਦੀ ਫਿਰਕਾ ਪ੍ਰਸਤ ਪੱਖੀ ਲੀਹਾਂ 'ਤੇ ਚਲ ਰਹੀਆਂ ਹਨ, ਉਹ ਹੁਣ ਦੇਸ਼ ਦੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਅਤੇ ਮਹਿੰਗਾਈ ਨੂੰ ਕਾਬੂ ਰੱਖਣ ਵਿੱਚ ਅਸਫ਼ਲ ਨਜਰ ਆ ਰਹੀਆਂ ਹਨ। ਸਗੋਂ 'ਤੇ ਸਰਕਾਰ ਦੀਆਂ ਇਨ੍ਹਾਂ ਨੁਕਸਦਾਰ ਨੀਤੀਆਂ ਕਾਰਨ ਹੀ ਦੇਸ਼ ਦੀ ਇਕ ਟ੍ਰਿਲੀਅਨ ਡਾਲਰ ਦੀ ਸਮੁੱਚੀ ਸੰਪਤੀ 71-ਅਰਬਪਤੀਆਂ ਦੇ ਕਬਜ਼ੇ ਵਿਚ ਇਕੱਠੀ ਹੋ ਗਈ ਹੈ। ਦੇਸ਼ ਦੀ ਪੂੰਜੀ ਦਾ ਵਹਾਅ ਇਨ੍ਹਾਂ ਅਰਬਪਤੀਆਂ ਦੇ ਹੱਕਾਂ 'ਚ ਇਕੱਠਾ ਹੋਣ ਕਾਰਨ, ਦੇਸ਼ ਦੀ ਮੰਡੀ ਵੀ ਇਨ੍ਹਾਂ ਲੋਕਾਂ ਦੇ ਕਬਜ਼ੇ ਵਿੱਚ ਹੈ। ਇਹੀ ਮੁੱਖ ਕਾਰਨ ਹੈ ਕਿ, ਕਿ ਦੇਸ਼ ਅੰਦਰ ਮਹਿੰਗਾਈ ਅਤੇ ਬੇਰੁਜ਼ਗਾਰੀ ਦੇ ਗ੍ਰਾਫ ਦਾ ਉਪਰ ਜਾਣਾ ਅਤੇ ਵੱਧਣਾ ਇਨ੍ਹਾਂ ਦੇ ਹੱਥਾਂ ਵਿੱਚ ਹੈ। ਮੰਡੀ ਅੰਦਰ ਕਾਬਜ਼ ਇਹ ਪੂੰਜੀਪਤੀ ਇਨਪੁੱਟ ਲਾਗਤਾਂ 'ਚ ਬੇ-ਵਹਾ ਵਾਧਾ ਕਰਕੇ ਮਹਿੰਗਾਈ ਦਾ ਇਕ ਚਕਰ ਚਲਾ ਰੱਖਦੇ ਹਨ। ਜਿਸ ਨਾਲ ਥੋਕ ਮੁੱਲ-ਸੂਚਕ ਅੰਕ ਮਹਿੰਗਾਈ ਉਪੱਰ ਹੀ ਜਾਂਦੀ ਰਹਿੰਦੀ ਹੈ। ਕਿਉਂਕਿ ? ਹਾਕਮਾਂ ਦੀ ਸਰਪ੍ਰਸਤੀ ਹੇਠ ਇਹ ਲੋਕ ਮਨਮਾਨੀਆਂ ਕਰਦੇ ਹਨ ਅਤੇ ਅਥਾਹ ਮੁਨਾਫ਼ਿਆਂ ਲਈ ਅਵਾਮ (ਆਮ ਲੋਕਾਂ) ਦਾ ਹਰ ਤਰ੍ਹਾਂ ਸ਼ੋਸ਼ਣ ਕਰਦੇ ਹਨ। ''ਰਿਜ਼ਰਵ ਬੈਂਕੱ ਦਾ ਮੰਨਣਾ ਹੈ, ਕਿ ਆਉਂਦੇ ਕੁਝ ਹਫਤਿਆਂ ਦੇ ਬਾਦ ਮਹਿੰਗਾਈ ਘੱਟ ਸਕਦੀ ਹੈ। ਜਦਕਿ ''ਕੌਮੀ ਅੰਕੜਾ ਵਿਭਾਗੱ ਦੇ ਅਨੁਸਾਰ ਖਾਧ (ਖੁਰਾਕੀ ਵਸਤਾਂ) ਮਹਿੰਗਾਈ 9.36 ਫੀ-ਸਦ ਤੱਕ ਪਹੁੰਚ ਗਈ ਹੈ, ਜੋ ਮਈ-2024 ਵਿਚ 8.69- ਫੀ-ਸੱਦ ਸੀ। ਥੋਕ ਮਹਿੰਗਾਈ ਪਿਛਲੇ ਦੋ ਮਹੀਨਿਆਂ ਤੋਂ ਲਗਾਤਾਰ ਵੱਧ ਰਹੀ ਹੈ। ਅਜਿਹੀ ਮਹਿੰਗਾਈ ਨਾਲ ਤਰਾਹ-ਤਰਾਹ ਕਰ ਰਹੀ ਜਨਤਾ ਨੂੰ ਕਦੋਂ ਰਾਹਤ ਮਿਲੇ ਅਤੇ ਕਦੋਂ ਤੱਕ ਸੁਧਾਰ ਦੀਆਂ ਸੰਭਾਵਨਾਵਾਂ ਹੋਣਗੀਆਂ, ਦਾ ਸਰਕਾਰ ਨੇ ਕੋਈ ਵੀ ਤੇ ਕਿਸੇ ਵੀ ਪ੍ਰਕਾਰ ਦੀਆਂ ਕਿਆਸ ਅਰਾਈਆਂ ਦਾ ਕੋਈ ਵੀ ਪੇਸ਼ਬੰਦੀਆਂ ਨਹੀਂ ਕੀਤੀਆਂ ਹਨ ਅਤੇ ਨਾ ਹੀ ਸਰਕਾਰ ਨੂੰ ਅਜੇ ਇਸ ਦੀ ਕੋਈ ਵੀ ਚਿੰਤਾ ਜਾਪਦੀ ਹੈ। ਕੱਚੇ ਤੇਲ ਅਤੇ ਕੁਦਰਤੀ ਗੈਸ ਦੀਆਂ ਕੀਮਤਾਂ ਕਦੋਂ ਘੱਟਣਗੀਆਂ ਦਾ ਵੀ ਕੋਈ ਪਤਾ ਨਹੀ ਹੈ ? ਸੰਸਾਰ ਵਿੱਚ ਅੱਜ ਜਿਸ ਤਰ੍ਹਾਂ ਸੰਘਰਸ਼ਾਂ ਦਾ ਹਾਲਾਤ 'ਤੇ ਮੰਦੀ ਦੀ ਦੌਰ ਮੰਡਰਾ ਰਿਹਾ ਹੈ, ਦੇ ਦੌਰਾਨ ਵੀ ਹਾਕਮਾਂ ਵਲੋਂ ਕੀਮਤਾਂ ਨੂੰ ਘਟਾਉਣ ਦਾ ਕੋਈ ਵੀ ਦਾਅਵਾ ਨਹੀ ਕੀਤਾ ਜਾ ਰਿਹਾ ਹੈ।

ਸਨਅਤੀ, ਉਸਾਰੀ ਖੇਤਰ ਅਤੇ ਬਿਜਲੀ ਖੇਤਰ ਵਿੱਚ ਵੀ ਮਹਿੰਗਾਈ ਵੱਧਣ ਦੇ ਆਸਾਰ ਸਾਫ਼ ਦਿਸ ਰਹੇ ਹਨ। ਇਸੇ ਤਰ੍ਹਾਂ ਕੋਲੇ ਦੇ ਉਤਪਾਦਨ ਵਿੱਚ ਵੀ ਵਿਕਾਸ ਦੀ ਦਰ ਸੁਸਤ ਹੀ ਹੈ। ਜਦੋਂ ਕਿ ਕੋਲੇ ਦੀ ਮੰਗ ਵਧੀ ਹੈ, ਤਾਂ ਇਹੋ ਜਿਹੇ ਸਮੇਂ ਵਿੱਚ ਬਿਜਲੀ ਦੇ ਉਤਪਾਦਨ ਉਪਰ ਇਸਦਾ ਦੁਰ-ਅਸਰ ਪੈਣਾ ਵੀ ਲਾਜ਼ਮੀ ਹੈ। ਉਸਾਰੀ ਸਨਅਤ ਵਿੱਚ ਲਾਗਤ 'ਤੇ ਖੁਦਰਾ ਮਹਿੰਗਾਈ ਤੇ ਅਸਰ ਪੈਣਾ ਵੀ ਲਾਜ਼ਮੀ ਹੈ।

ਉਸਾਰੀ ਸਨਅਤ ਦੀ ਲਾਗਤ ਵੱਧਣ ਕਰਕੇ ਸਮੁੱਚੀ ਖੁਦਰਾ ਮਹਿੰਗਾਈ ਵੀ ਵੱਧਣੀ ਹੈ। ਜਦ ਕਿ ਕੋਲੇ 'ਤੇ ਬਿਜਲੀ ਦੀਆਂ ਕੀਮਤਾਂ ਵਧਣ ਦੇ ਨਾਲ ਵੀ, ਦੂਸਰੇ ਖੇਤਰਾਂ ਵਿੱਚ ਵੀ ਮਹਿੰਗਾਈ ਵੱਧਦੀ ਹੈ। ਇਸ ਤੋਂ ਪਤਾ ਚਲਦਾ ਹੈ, ਕਿ ਆਉਣ ਵਾਲੇ ਸਮੇਂ ਵਿਚ ਵੀ ਇਨ੍ਹਾਂ ਹਾਲਾਤਾਂ ਵਿਚ ਮਹਿੰਗਾਈ ਵਿਚ ਕੋਈ ਵੀ ਸੁਧਾਰ ਆਉਣ ਦੀ ਉਮੀਦ ਨਹੀ ਹੈ 'ਤੇ ਨਾ ਹੀ ਹਾਕਮ ਚਿੰਤਤ ਨਜ਼ਰ ਆਉਂਦੇ ਹਨ। ਕੀਮਤਾਂ ਵਿੱਚ ਹੋਰ ਵਾਧਾ ਹੋਵੇਗਾ ?

ਮਹਿੰਗਾਈ ਦਾ ਵੱਡਾ ਕਾਰਨ ਵਿਕਾਸ ਦਰ ਵਿੱਚ (ਅਸੰਤੁਲਨ) ਅਸਾਵਾਂਪਨ ਵੀ ਹੈ। ਕੁਝ ਖੇਤਰਾਂ ਵਿਚ ਵਿਕਾਸ ਦਰ ਕਾਫੀ ਉੱਚੀ ਹੈ 'ਤੇ ਕੁਝ ਵਿੱਚ ਬਿਲਕੁਲ ਹੇਠਾਂ ਹੈ ਜੋ ਥੋਕ ਮਹਿੰਗਾਈ ਵੱਧਣ ਦਾ ਕਾਰਨ ਹੈ ਜਿਸ ਦਾ ਖੁਦਰਾ ਮਹਿੰਗਾਈ ਉਪਰ ਉਸਦਾ ਸਿੱਧਾ ਅਸਰ ਪਏਗਾ। ਪ੍ਰਤੂੰ, ਜੇਕਰ ਚੀਜ਼ਾ ਦੇ ਉਤਪਾਦਨ 'ਤੇ ਲਾਗਤ ਵਧੇਗੀ ਤਾਂ ! ਖੁਦਰਾ ਵਸਤੂਆਂ (ਚੀਜਾਂ) ਦੇ ਭਾਅ (ਕੀਮਤਾਂ) ਵੀ ਉਸ ਦੇ ਅਨੁਪਾਤ ਵਿੱਚ ਹੋਰ ਵੀ ਜ਼ਿਆਦਾ ਉਪਰ ਜਾਣਗੀਆਂ 'ਤੇ ਫਿਰ ਮਹਿੰਗਾਈ ਵੱਧੇਗੀ। ਮਹਿੰਗਾਈ ਦਾ ਵੱਧਣਾ ਕਿਆਸੀ ਥੋਕ ਮੁੱਲ ਸੂਚਕ ਅੰਕ ਦੇ ਅਧਾਰ 'ਤੇ ਕੀਤਾ ਜਾਂਦਾ ਹੇ। ਜਦ ਕਿ ਮਹਿੰਗਾਈ ਉਸ ਤੋਂ ਵੱਧ ਹੁੰਦੀ ਹੈ। ਇਸ ਲਈ ਜਦੋਂ ਸਰਕਾਰੀ ਅੰਕੜਿਆ ਵਿੱਚ ਮਹਿੰਗਾਈ ਦੀ ਦਰ ਦਾ ਸਤਰ ਘੱਟਿਆ ਹੋਇਆ ਦਰਜ ਹੁੰਦਾ ਨਜ਼ਰ ਆਉਂਦਾ ਹੈ ਤੱਦ ਵੀ ਆਮ ਖਪਤਕਾਰ ਨੂੰ ਕੋਈ ਵੀ ਰਾਹਤ ਮਹਿਸੂਸ ਨਹੀਂ ਹੁੰਦੀ। ਭਾਵ ਮਹਿੰਗਾਈ ਘੱਟੀ ਹੋਈ ਨਹੀ ਲੱਗਦੀ। ਕਿਉਂਕਿ ? ਅਮਲ ਵਿੱਚ ਅਜਿਹਾ ਸਾਹਮਣੇ ਨਹੀਂ ਹੁੰਦਾ ਅਤੇ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਮਹਿੰਗੀਆਂ ਹੀ ਹੁੰਦੀਆਂ ਹਨ।

18-ਵੀਂ ਲੋਕ ਸਭਾ ਦੀ 2024 ਦੀਆ ਦੀਆਂ ਚੋਣਾ ਵਿੱਚ ਵਿਰੋਧੀ ਧਿਰ ਵਲੋਂ ''ਮਹਿੰਗਾਈ ਅਤੇ ਬੇਰੁਜ਼ਗਾਰੀਂ ਦੇ ਮੁੱਦੇ ਨੂੰ ਚੁੱਕਿਆ ਗਿਆ ਹੈ 'ਤੇ ਮੋਦੀ ਸਰਕਾਰ ਤੋਂ ਪਿਛਲੇ ਦਸਾਂ ਸਾਲਾਂ ਵਿੱਚ 'ਮਹਿੰਗਾਈ 'ਤੇ ਬੇਰੁਜ਼ਗਾਰੀਂ ਨੂੰ ਨਾ ਰੋਕ 'ਤੇ ਕਾਬੂ ਕਰ ਸਕਣ ਦੇ ਕਾਰਨਾਂ ਨੂੰ ਪੁਛਿਆ ਜਾਂਦਾ ਰਿਹਾ ਹੈ। ਇਸ ਤੋਂ ਪਤਾ ਲਗਦਾ ਹੈ, ਕਿ ਇਸ ਨਵੀਂ ਸੰਸਦ ਵਿਚ ਵਿਰੋਧੀ ਧਿਰਾਂ ਇਸ ਮੁੱਦੇ ਨੂੰ ਲੈ ਕੇ ਮੋਦੀ ਸਰਕਾਰ ਦੇ ਵਿਰੁੱਧ ਵੱਧ ਰਹੀ ਮਹਿੰਗਾਈ ਅਤੇ ਬੇਰੁਜ਼ਗਾਰੀ ਵਿਰੁੱਧ ਫਿਰ ਤਿੱਖੇ ਵਾਰ ਕਰੇਗੀ। ਅੱਜ ! ਦੇਸ਼ ਵਿਚ ਇਕ ਅਜੀਬ ਜਿਹਾ ''ਸੰਤੁਲਨੱ ਹੈ ? ਇਕ ਪਾਸੇ ਮੋਦੀ ਸਰਕਾਰ ਕਹਿ ਰਹੀ ਹੈ, 'ਕਿ ਦੇਸ਼ ਦੀ ਅਰਥ-ਵਿਵਸਥਾ ਅੱਗੇ ਵੱਧ ਰਹੀ ਹੈ; ਜਦ ਕਿ ਦੇਸ਼ ਵਿਚ 'ਮਹਿੰਗਾਈ ਤੇ ਬੇਰੁਜ਼ਗਾਰੀਂ ਦਾ ਮੁੱਦਾ ਸਮੁੱਚੇ ਲੋਕਾਂ ਲਈ ਇਕ ਚੁਨੌਤੀ ਬਣਿਆ ਹੋਇਆ ਹੈ। ਦੇਸ਼ ਵਿੱਚ ਵੱਧ ਰਹੀ ਮਹਿੰਗਾਈ ਨੂੰ ਹੇਠਾਂ ਲਿਆਉਣਾ ਬਹੁਤ ਜ਼ਰੂਰੀ ਹੈ ! ਕਿ; ਬਜ਼ਾਰ ਵਿੱਚ (ਵਸਤਾਂ) ਚੀਜ਼ਾਂ ਦੇ ਪ੍ਰਵਾਹ 'ਚ ਵਾਧਾ ਹੋਵੇ। ਪ੍ਰਤੂੰ-ਬੇਰੁਜ਼ਗਾਰੀ ਵੱਧਣੀ, ਪ੍ਰਤੀ ਵਿਅਕਤੀ ਆਮਦਨ ਘਟਣੀ ਤੇ ਕਿਰਤੀ ਸ਼ਕਤੀ ਦੇ ਘੱਟ ਜਾਣ ਨਾਲ ਵੀ ਬਜ਼ਾਰ ਵਿਚ ਸੰਤੁਲਨ ਨਹੀਂ ਬਣ ਰਿਹਾ ਹੈ। ਜਦੋਂ ਕਿਰਤ ਮੰਡੀ ਵਿਚ ਰੁਜ਼ਗਾਰ ਹੀ ਨਹੀਂ ਮਿਲ ਰਿਹਾ, ਕਿਰਤੀ ਦੇ ਜੇਬ ਵਿਚ ਪੈਸਾ ਨਹੀਂ ਆ ਰਿਹਾ, ਤਾਂ ਮੰਡੀ ਦਾ ਮਾਲ ਕੌਣ ਖਰੀਦੇਗਾ ? ਮੰਦਾ ਸਾਹਮਣੇ ਦਿੱਸੇਗਾ ! ਮਹਿੰਗਾਈ 'ਤੇ ਮੁਨਾਫਾ ਅੱਗੇ ਵੱਧੇਗਾ। ਦੂਸਰਾ ਜਦੋਂ ਮੌਸਮ ਦੇ ਮੁਤਾਬਿਕ ਫਸਲ ਪੱਕਦੀ ਹੈ 'ਤੇ ਮੰਡੀ ਵਿੱਚ ਵੇਚੀ ਜਾਣ ਸਮੇਂ ਵੀ 'ਤੇ ਖਾਣ-ਪੀਣ ਵਾਲੀਆਂ ਚੀਜ਼ਾਂ ਦੀਆਂ ਕੀਮਤਾਂ ਦਾ ਵੱਧਣਾ ਵੀ ਜਾਰੀ ਰਹਿੰਦਾ ਹੋਵੇ। ਦੂਸਰੇ ਪਾਸੇ ਕਿਸਾਨ ਵੀ ਆਪਣੀਆਂ ਫਸਲਾਂ ਦੀਆਂ ਕੀਮਤਾਂ ਪੂਰੀਆਂ ਅਤੇ ਸਮੇਂ ਸਿਰ ਪੈਸੇ ਨਾ ਮਿਲਣ ਨਾਲ ਵੀ ਪਰੇਸ਼ਾਨ ਰਹਿੰਦੇ ਹੋਣ। ਮੌਸਮ ਦੀ ਖਰਾਬੀ ਕਾਰਨ ਫਸਲਾਂ ਦੇ ਤਬਾਹ ਹੋਣ ਕਾਰਨ, ਇਕ ਪਾਸੇ ਕਿਸਾਨ ਆਰਥਿਕ ਮੰਦੀ ਦਾ ਸ਼ਿਕਾਰ ਹੋ ਜਾਂਦਾ ਹੈ 'ਤੇ ਦੂਸਰਾ ਉਸਨੂੰ ਫਸਲ ਦੇ ਨੁਕਸਾਨ ਹੋਣ ਦੇ ਬਰਾਬਰ ਮੁਆਵਜ਼ਾ ਨਾ ਮਿਲਣ ਕਾਰਨ 'ਤੇ ਤੀਸਰਾ ਵੱਧ ਰਹੀ ਮਹਿੰਗਾਈ ਕਾਰਨ ਆਪਣੇ ਪ੍ਰੀਵਾਰਾਂ ਦਾ ਗੁਜ਼ਾਰਾ ਵੀ ਮੁਸ਼ਕਿਲ ਨਾਲ ਕਰਦਾ ਹੋਵੇ ? ਫਿਰ ਦੇਸ਼ ਵਿਚ ਮੰਦੀ ਦੀਆਂ ਨਿਸ਼ਾਨੀਆਂ ਫਿਰ ਹੋਰ ਕੀ ਹੋ ਸਕਦੀਆਂ ਹਨ। ਦੇਸ਼ ਨੂੰ ਆਰਥਿਕ ਸਮਰੱਥ ਕਿਵੇਂ ਕਹਿ ਸਕਦੇ ਹਾਂ ?

ਦੇਸ਼ ਵਿਚ ਮਹਿੰਗਾਈ ਵੱਧਣ ਦੇ ਨਾਲ ਕੰਪਨੀਆਂ ਦੇ ਮਾਲ ਸਾਬਣ, ਹੇਅਰ ਆਇਲ 'ਤੇ ਖਾਣ ਪੀਣ ਵਾਲੀਆਂ ਚੀਜ਼ਾਂ ਦੀਆਂ ਕੀਮਤਾਂ ਦੋ ਮਹੀਨਿਆਂ ਦੇ ਵਿਚ ਹੀ 2 ਤੋਂ 17-ਫੀ-ਸੱਦ ਤਕ ਵੱਧ ਗਈਆਂ ਹਨ। ਟਾਟਾ, ਡਾਬਰ ਅਤੇ ਇਮਾਮੀ ਜਿਹੀਆਂ ਕੰਪਨੀਆਂ ਨੇ ਵੀ ਆਪਣੀ ਪ੍ਰੋਡੈਕਟਸ ਦੀਆਂ ਚੀਜ਼ਾਂ ਦੇ ਭਾਅ (ਕੀਮਤਾਂ) ਵਧਾਉਣ ਦੇ ਇਸ਼ਾਰੇ ਦਿੱਤੇ ਹਨ।

ਇਹ ਕੰਪਨੀਆਂ ਕੱਚੇ ਤੇਲ ਦੀਆਂ ਕੀਮਤਾਂ ਦੇ ਵੱਧਣ ਕਰਕੇ ਆਪਣੇ ਮਾਲ ਦੀਆਂ ਕੀਮਤਾਂ ਵਧਾਉਣ ਦਾ ਇਸ਼ਾਰਾ ਕਰ ਰਹੀਆਂ ਹਨ। ਕਿਉਂਕਿ ਹਾਕਮਾਂ ਨੇ ਮੰਡੀ ਨੂੰ ਖੁਲ੍ਹਾ ਛੱਡਿਆ ਹੁੰਦਾ ਹੈ। 'ਆਈ.ਸੀ.ਆਈ.ਸੀ.ਆਈ. ਸਕਿਉਰਟੀਂ ਨੇ ਰਿਪੋਰਟ ਵਿੱਚ ਲਿਖਿਆ ਹੈ, ਕਿ ਇਸ ਚਾਲੂ ਸਾਲ 2024-25 ਵਿਚ (ਕੀਮਤਾਂ) ਭਾਅ ਔਸਤਨ ਇਕ ਫੀ ਸੱਦ ਤੋਂ ਤਿੰਨ ਫੀ-ਸੱਦ ਤੱਕ ਵੱਧ ਸਕਦੇ ਹਨ। ਉੱਥੇ ਹੀ ''ਨੁਵਾਮੱ ਇਨਸਟੀਟਿਊਸ਼ਨਲ ਇਕਵੀਟੀਜ਼ੱ ਦਾ ਮੰਨਣਾ ਹੈ, ਕਿ ''ਐਫ.ਐਮ.ਸੀ. ਪ੍ਰੋਡੱਕਟੱ ਦੀਆ ਕੀਮਤਾਂ ਵੀ ਫਿਰ ਵੱਧ ਸਕਦੀਆਂ ਹਨ। ਭਾਵ ! ਤਿਆਰ ਮਾਲ ਹੋਰ ਮਹਿੰਗਾ ਹੋ ਜਾਵੇਗਾ !

''ਰੀਜ਼ਰਵ ਬੈਂਕ ਆਫ ਇੰਡੀਆੱ ਦਾ ਅਨੁਮਾਨ ਹੈ, ''ਕਿ ਅਜੇ ਤੱਕ ਵੱਧ ਰਹੀ ਮਹਿੰਗਾਈ ਇਸੇ ਤਰ੍ਹਾਂ ਹੀ ਰਹੇਗੀ 'ਤੇ ਉਸ ਵਿਚ ਉਤਰਾਓ-ਚੜਾਓ ਆ ਸਕਦਾ ਹੈ।ੱ ਭਾਵ ! ਸਰਕਾਰ ਦੇ ਕੋਈ ਸਾਰਥਿਕ ਉਪਰਾਲੇ ਹੋਏ ਨਹੀਂ ਦਿਸ ਰਹੇ ਹਨ। ਆਮ ਤੌਰ 'ਤੇ ਮਹਿੰਗਾਈ ਦਾ ਅਸਰ ਖੁਦਰਾ ਮਹਿੰਗਾਈ 'ਤੇ ਵੀ ਪੈਂਦਾ ਹੈ।(ਵਸਤਾਂ) ਚੀਜ਼ਾਂ ਥੋਕ ਵਿਚ ਮਹਿੰਗੀਆਂ ਹੁੰਦੀਆਂ ਹਨ ਅਤੇ ਖੁਦਰਾ ਕੀਮਤਾਂ ਵੀ ਵੱਧਦੀਆਂ ਹਨ। ਪਰ ! ਬੀਤੇ ਮਈ ਮਹੀਨੇ ਵਿੱਚ ਇਹ ਕੰਮ ਉਲੱਟ ਹੋਇਆ ਹੈ। ਥੋਕ ਮਹਿੰਗਾਈ ਵੱਧੀ ਹੈ 'ਤੇ ਖੁਦਰਾ ਮਹਿੰਗਾਈ ਖੜੀ ਹੈ (ਅੰਕੜਾ)। ਮਹਿੰਗਾਈ ਵੱਧਣ ਦੇ ਕਾਰਨਾਂ ਲਈ ਆਮ ਹੀ ਕੱਚੇ ਤੇਲ ਦੀਆਂ ਕੀਮਤਾਂ ਵਿਚ ਵਾਧੇ ਬਾਰੇ ਆਮ ਤੌਰ 'ਤੇ ਕਿਹਾ ਜਾਂਦਾ ਹੈ। ਪਿਛਲੇ ਦੋ ਸਾਲਾਂ ਵਿਚ ''ਰੂਸ-ਯੂਕਰੇਨ ਯੁੱਧ 'ਤੇ ਫਿਰ ਇਜਰਾਈਲ- ਹਮਾਸ (ਗਾਜ਼ਾ) 'ਚ ਜੰਗ ਦੇ ਕਾਰਨ ਦੁਨੀਆਂ ਭਰ ਵਿੱਚ ਖਾਣ-ਪੀਣ ਦੀਆ ਚੀਜ਼ਾਂ ਦੀ (ਪੈਦਾਵਾਰ) ਘੱਟੀ ਵੀ ਹੈ 'ਤੇ ਕੀਮਤਾਂ ਵੀ ਬਹੁਤ ਮਹਿੰਗੀਆਂ ਹੋਈਆਂ ਹਨ, ਕਿੰਨੀ ਵਿਡੰਬਨਾ ਹੈ।

ਅੱਜ! ਸੰਸਾਰ ਆਰਥਿਕ ਮੰਦੀ ਦੇ ਦੌਰ ਵਿਚੋਂ ਗੁਜ਼ਰ ਰਿਹਾ ਹੈ। ਇਸ ਤੋਂ ਪਤਾ ਲਗਦਾ ਹੈ, ਕਿ ਕੱਚੇ ਤੇਲ ਦੀਆ ਕੀਮਤਾਂ ਦੇ ਵੱਧਣ ਕਾਰਨ ਮੁਨਾਫ਼ਾ ਵੀ ਅਤੇ ਮਹਿੰਗਾਈ ਵੀ ਵੱਧਦੀ ਹੈ, ਪਰ! ਇਹ ਪਹਿਲੀ ਵਾਰ ਨਹੀ ਹੋਇਆ ਹੈ ਜਦੋਂ ਵੀ ਤੇਲ ਦੀਆਂ ਕੀਮਤਾਂ ਵੱਧੀਆਂ ਹਨ ? ਪਰ ! ਭਾਰਤ ਵਿਚ ਤੇਲ ਦੀਆ ਕੀਮਤਾਂ ਵਿਚ ਵਾਧਾ ਕਈਆਂ ਸਾਲਾਂ ਤੋਂ ਹੀ ਹੋ ਰਿਹਾ ਹੈ। ਜਿਸ ਦਾ ਪ੍ਰਭਾਵ ਆਮ ਲੋਕਾਂ ਅਤੇ ਮਾਲ-ਢੁਆਈ 'ਤੇ ਖੱਪਤ 'ਤੇ ਵੀ ਪੈ ਰਿਹਾ ਹੈ। ਮਈ, 2024 ਮਹੀਨੇ ਵਿੱਚ ਤੇਲ ਦੀਆਂ ਕੀਮਤਾਂ ਵਿੱਚ ਏਨਾ ਵਾਧਾ ਹੋਇਆ ਹੈ, ਕਿ ਜਿਸ ਦਾ ਪ੍ਰਭਾਵ ਥੋਕ ਮਹਿੰਗਾਈ 'ਤੇ ਵੀ ਪਿਆ ! ਇਹ ਸਵਾਲ ਵੀ ਉਭੱਰ ਕੇ ਸਾਹਮਣੇ ਆ ਰਿਹਾ ਹੈ, ਕਿ ਫਿਰ ਕਿਵੇਂ ਖੁਦਰਾ ਮਹਿੰਗਾਈ ਘੱਟੀ, ਇਹ ਕਿਸ ਤਰ੍ਹਾਂ ਦਰਜ ਕੀਤੀ ਗਈ; ਜਿਵੇਂ ਸਰਕਾਰ ਕਹਿ ਰਹੀ ਹੈ ? ਜਦ ਕਿ, ਇਸ ਦਾ ਅਸਰ ਖੁਦਰਾ ਮਹਿੰਗਾਈ ਤੇ ਵੀ ਪੈਣਾ ਚਾਹੀਦਾ ਸੀ। ਦਰ ਅਸਲ ਖਾਣ-ਪੀਣ ਦੀਆਂ ਚੀਜ਼ਾਂ ਦੀਆਂ ਕੀਮਤਾਂ ਵਿੱਚ (ਅਸਤੁੰਲਨ) ਅਸਮਾਨਤਾ ਦਾ ਵੱਡਾ ਕਾਰਨ ''ਅੰਤਰਰਾਸ਼ਟਰੀਂ ਵਿਉਪਾਰ ਵੀ ਹੈ ! ਕਿਉਂਕਿ ਪੂੰਜੀਵਾਦੀ ਸਿਸਟਮ ਅੰਦਰ ਅਜੇ ਵੀ ਮੰਦਾ ਹੀ ਚੱਲ ਰਿਹਾ ਹੈ। ਜੋ ਭਾਰਤ ਦੇ ਪੂੰਜੀਵਾਦੀ ਢਾਂਚੇ ਨੂੰ ਵੀ ਪ੍ਰਭਾਵਿਤ ਕਰ ਰਿਹਾ ਹੈ। ਜਿਸ ਕਾਰਨ ਕੀਮਤਾਂ ਦਾ ਵੱਧਣਾ ਅਤੇ ਅਤੇ ਮਹਿੰਗਾਈ ਰਹਿਣਾ ਵੀ ਹੈ।

ਦੇਸ਼ ਅੰਦਰ ਪਿਛਲੇ 16-ਮਹੀਨਿਆ ਦੇ ਅੰਦਰ (ਜੂਨ 2.24) ਥੋਕ ਕੀਮਤਾਂ ਖਾਸ ਕਰਕੇ ਖਾਧ ਪਦਾਰਥਾਂ ਵਿੱਚ 3.36 ਫੀ-ਸੱਦ ਦਾ ਵਾਧਾ ਨੋਟ ਕੀਤਾ ਗਿਆ ਹੈ (ਰਾਇਟਰ) ਜਦ ਕਿ ਪਿਛਲੇ ਸਾਲ ਇਨ੍ਹਾਂ ਮਹੀਨਿਆ 'ਚ 2.61 ਫੀ-ਸਦ ਕੀਮਤਾ ਵਿੱਚ ਵਾਧਾ ਨੋਟ ਕੀਤਾ ਗਿਆ ਸੀ। ਭਾਵ ! ਅੱਜ ਮਹਿੰਗਾਈ ਦਰ ਪਿਛਲੇ ਤਿੰਨਾਂ ਸਾਲਾਂ ਦੀ ਦਰ ਨਾਲੋ ਹੁਣ ਸਿਖਰਾਂ 'ਤੇ ਪੱਜ ਗਈ ਹੈ। ਫਿਰ ਵੀ ਸਰਕਾਰ ਮੂਕ ਦਰਸ਼ਕ ਬਣ ਕੇ ਬੈਠੀ ਹੈ। ਜੁਲਾਈ, 2024 ਦੌਰਾਨ ਖਾਧ ਪਦਾਰਥਾਂ ਦੀਆਂ ਕੀਮਤਾਂ ਧੁੱਰ ਟੀਸੀ ਤੱਕ ਪੁੱਜ ਜਾਣਗੀਆਂ, ਜੇ ਸਰਕਾਰ ਨੇ ਕੋਈ ਉਪਰਾਲੇ ਨਾ ਕੀਤੇ।

ਸੰਸਾਰ ਖਾਧ ਅੰਦਰ ਜਦੋਂ ਭਾਰਤ ਦੇ ਲੋਕਾਂ ਲਈ ਖੁਰਾਕੀ ਵਸਤਾਂ ਅਤੇ ਭੋਜਨ ਅੰਦਰ ਖੁਰਾਕੀ ਤੱਤਾਂ ਦੇ ਮਿਆਰ ਅਤੇ ਉਪੱਲਭਤਾ ਦੀ ਗੱਲ ਆਉਂਦੀ ਹੈ ਤਾਂ ਅਸੀਂ ਸੰਸਾਰ ਭੁੱਖ-ਮਰੀ ਅੰਕਾਂ ਅੰਦਰ ਵੀ 125 ਦੇਸ਼ਾਂ ਅੰਦਰ 111-ਵੀਂ (ਇਕ ਸੌ ਗਿਆਰਵੀਂ) ਥਾਂ ਹੇਠਾ ਵੱਲ ਖੜੇ ਹਾਂ (ਜੀ.ਐਚ.ਆਈ-2023)। ਫਿਰ ਭਾਰਤ ਅੰਦਰ ਅਵਾਮ ਨੂੰ ਅਸੀਂ ਕਿਵੇਂ ਕਹਿ ਦਈਏ, ਕਿ ਉਹ ਵਧੀਆ ਜੀਵਨ ਬਤੀਤ ਕਰਦੇ ਹਨ ? ਮਹਿੰਗਾਈ ਰੋਕਣ ਲਈ ਖੁਰਾਕੀ ਵਸਤਾਂ, ਅਨਾਜ ਅਤੇ ਫੱਲ, ਸਬਜ਼ੀਆਂ ਦੀ ਉਪਲੱਬਧਤਾ ਅਤੇ ਵੰਡ ਪ੍ਰਣਾਲੀ ਨੂੰ ਸੁਚਾਰੂ ਢੰਗ ਨਾਲ ਪੁੱਜਦਾ ਅਤੇ ਸਟੋਰ ਕਰਨ ਲਈ ਪਹੁੰਚਾਉਣ ਅਤੇ ਟਰਾਂਸਪੋਟੇਸ਼ਨ ਕਰਨ ਦੀ ਸਹੂਲਤ ਲਈ, ਵਿੱਧੀ-ਵੱਧ ਢੰਗ ਨਾਲ ਉਪਰਾਲੇ ਹੋਣੇ ਚਾਹੀਦੇ ਹਨ, ਤਾਂ ਕਿ ਖਾਧ ਪਦਾਰਥ ਅਤੇ ਹੋਰ ਖਾਣ-ਪੀਣ ਵਾਲੀਆਂ ਚੀਜ਼ਾਂ, ਥੁੱੜ ਵਾਲੀਆਂ ਥਾਵਾਂ 'ਤੇ ਤੁਰੰਤ ਪਹੁੰਚਾਈਆਂ ਜਾ ਸਕਣ। ਕਿਸਾਨਾਂ ਨੂੰ ਉਨ੍ਹਾਂ ਦੀ ਫਸਲ ਅਨਾਜ, ਫੱਲ, ਸਬਜ਼ੀਆਂ, ਆਂਡੇ, ਮੀਟ ਅਤੇ ਹੋਰ ਜ਼ਰੂਰੀ ਚੀਜਾਂ ਦੀਆਂ ਵਾਜਬ ਕੀਮਤਾ ਦੇ ਮੌਕੇ 'ਤੇ ਹੀ ਭੁਗਤਾਨ ਕਰਨਾ, ਜਿਥੋਂ ਮੰਡੀ ਕਰਨ 'ਤੇ ਸਟੋਰ ਕਰਨ ਦੀਆਂ ਸਾਰੀਆਂ ਸਹੂਲਤਾਂ ਵੀ ਪ੍ਰਾਪਤ ਹੋਣਾ ਤਾਂ ! ਕਿ ਜਿਥੋਂ ਲੋੜੀਂਦੀ ਜਿਨਸ ਖਪਤਕਾਰਾਂ ਦੀ ਪਹੁੰਚ ਵਿਚ ਵੀ ਹੋ ਸਕੇ। ਰਾਹ ਵਿਚ ਵਿਚੋਲਿਆਂ ਅਤੇ ਦਲਾਲ ਜੋ ਦੋਨੋ ਹੀ ਕਿਸਾਨ ਜਾਂ ਉਤਪਾਦਕਾਂ ਦਾ ਅਤੇ ਖਪਤਕਾਰ ਦਾ ਸ਼ੋਸ਼ਣ ਕਰਦੇ ਹਨ ਨੂੰ ਸਰਕਾਰੀ ਮੰਡੀ ਕਰਨ ਰਾਹੀਂ ਰੋਕਿਆ ਜਾਵੇ ! ਤਾਂ ਕਿ ਕੀਮਤਾਂ ਸਥਿਰ ਰਹਿ ਸਕਣ।

ਪਰ ਆਜ਼ਾਦੀ ਦੇ 77-ਸਾਲਾਂ ਬਾਦ ਵੀ ਦੇਸ਼ ਅੰਦਰ ਮੌਜੂਦਾ ਹਾਕਮਾਂ ਤੋਂ ਕੀਮਤਾਂ ਨੂੰ ਰੋਕਣ ਅਤੇ ਕਾਬੂ ਰੱਖਣ ਦੀ ਅਜੇ ਤਕ ਕੋਈ ਹਾਂ ਪੱਖੀ ਆਸ ਨਜ਼ਰ ਨਈਂ ਆ ਰਹੀ ਹੈ। ਇਸ ਲਈ ਹਾਕਮੀ ਨੀਤੀਆਂ ਜੋ ਮਹਿੰਗਾਈ ਲਈ ਜ਼ਿੰਮੇਵਾਰ ਹਨ ਉਨ੍ਹਾਂ ਨੂੰ ਮੋੜਾ ਦੇਣ ਅਤੇ ਮਨਸੂਹੀ ਪੈਦਾ ਕੀਤੀ ਮਹਿੰਗਾਈ ਰੋਕਣ ਲਈ ਜਨਤਕ ਦਬਾਅ ਦੀ ਜ਼ਰੂਰਤ ਹੈ। ਲੋਕ ਲਹਿਰਾਂ ਉਸਾਰ ਕੇ ਹੀ ਕੁੱਝ ਹੱਦ ਤੱਕ ਮਹਿੰਗਾਈ ਰੋਕਣ ਲਈ ਹਾਕਮਾਂ ਨੂੰ ਮਜ਼ਬੂਰ ਕੀਤਾ ਜਾ ਸਕਦਾ ਹੈ। ਤਾਂਕਿ ਕਿਸਾਨ ਦੇ ਆਲੂ, ਪਿਆਜ ਅਤੇ ਸਬਜ਼ੀਆਂ ਸੜਕਾਂ ਤੇ ਨਾ ਰੁਲਣ ਅਤੇ ਖਪਤਕਾਰ ਨੂੰ ਵਾਜਬ ਭਾਅ ਤੇ ਪ੍ਰਾਪਤ ਹੋ ਸਕਣ।


CIS
CALIFORNIA
IMMIGRATION SERVICES
YOUR REGISTERED & BONDED "IMMIGRATION-CONSULTANTS"
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com


ਅਵਲਿ ਅਲਹ ਨੂਰੁ ਉਪਾਇਆ
ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ
ਕਉਨ ਭਲੇ ਕੋ ਮੰਦੇ ॥੧॥
ਸਮੁੱਚੀ ਲੋਕਾਈ ਨੂੰ ਸਾਂਝੀਵਾਲਤਾ ਦਾ ਉਪਦੇਸ਼ ਦੇਣ ਵਾਲੇ
ਮਹਾਨ ਸੰਤ ਅਤੇ ਕਵੀ ਭਗਤ ਕਬੀਰ ਜੀ ਦੇ ਆਗਮਨ ਪੂਰਬ ਸੰਬੰਧੀ
ਸਰਬੱਤ ਦੇ ਭਲੇ ਲਈ
ਸ੍ਰੀ ਅਖੰਡ ਪਾਠ ਸਾਹਿਬ ਅਤੇ ਕਥਾ -ਕੀਰਤਨ
09,10 ਅਤੇ 11 ਅਗਸਤ ਦਿਨ ਸ਼ੁੱਕਰ, ਸ਼ਨੀ ਅਤੇ ਐਤਵਾਰ ਨੂੰ ਕਰਵਾਇਆ ਜਾ ਰਿਹਾ ਹੈ
ਸੰਗਤ ਤੇ ਸੇਵਾਦਾਰਾਂ ਦੇ ਪਰਿਵਾਰਾਂ ਵੱਲੋਂ ਸੇਵਾ
09 ਅਗਸਤ, 2024
( ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ )
11 ਅਗਸਤ, 2024
( ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ )
ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਵੀ ਕੀਰਤਨ ਦੀਵਾਨ ਸੱਜਣਗੇ ਤੇ ਸੰਗਤਾਂ ਨੂੰ ਮਹਾਨ ਕੀਰਤਨੀਆਂ ਤੇ ਰਾਗੀਆਂ ਵੱਲੋਂ ਨਿਹਾਲ ਕੀਤਾ ਜਾਵੇਗਾ ।
ਸੇਵਾਦਾਰ ਪਰਿਵਾਰਾਂ ਵੱਲੋਂ ਸੰਗਤਾਂ ਲਈ ਲੰਗਰ ਦਾ ਵਿਸ਼ੇਸ਼ ਪ੍ਰਬੰਧ |
ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਵੱਧ ਤੋਂ ਵੱਧ ਪਹੁੰਚੋ ਤੇ ਆਪਣੀਆਂ ਹਾਜ਼ਰੀਆਂ ਲਗਵਾਓ ਜੀ
ਸਮੂਹ ਸਾਧ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਮਾਗਮ ਦੌਰਾਨ ਲੰਗਰ ਦੀ ਸੇਵਾ ਕਰਕੇ ਗੁਰੂ ਦੀਆਂ ਖੁਸ਼ੀਆਂ ਤੇ ਅਸ਼ੀਰਵਾਦ ਪ੍ਰਾਪਤ ਕਰੋ ਜੀ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : ਰਮੇਸ਼ ਸੁਮਨ : (925) 366 3618 | ਦਿਲਬਾਗ਼ ਸਿੰਘ (209) 834 4641 | ਵਿਨੋਦ ਕੁਮਾਰ : +1 (408) 718-2506
SRI GURU RAVIDASS TEMPLE: 2150 CRESTVIEW DRIVE, PITTSBURG, CA 94565


WE HAVE THE CHEAPEST FARES TO INDIA
LEGEND TRAVEL
arc
accredited agency
CST # 207524-40
Special Fares To India From West-coast (us) On Air India Direct Flights
AIR INDIA
JATINDER SINGH
LOWEST AIRFARES FROM USA TO INDIA
★Travel Insurance ★ Great last Minute Deals★ Offices in India
ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।
CALL US
(510) 797-9010
USA OFFICE: 2450 PERALTA BLVD., STE 106-108,
FREMONT CA 94536 PH.: 510-797-9010
Website: www.legendamerica.net
Emirates
CATHAY PACIFIC
ASIANA AIRLINES
JET AIRWAYS
CHINA AIRLINES
BRITISH AIRWAYS
SINGAPORE AIRLINES
Lufthansa
ANA

# ਵਿਵਾਦ ਅਤੇ ਹਿੰਸਾ ਨਾਲ ਹੋਈ ਪੈਰਿਸ ਓਲੰਪਿਕ ਦੀ ਸ਼ੁਰੂਆਤ

**ਪੈਰਿਸ ਸਾਂਝੀ ਸੋਚ ਬਿਊਰੋ**

ਪੈਰਿਸ ਓਲੰਪਿਕ 2024 ਦੀ ਸ਼ੁਰੂਆਤ ਬੁੱਧਵਾਰ ਯਾਨੀ 24 ਜੁਲਾਈ ਨੂੰ ਫੁੱਟਬਾਲ ਤੇ ਰਗਬੀ ਮੈਚਾਂ ਨਾਲ ਹੋਈ। ਖੇਡਾਂ ਦੇ ਮਹਾਕੁੰਭ ਦਾ ਜਿੰਨਾ ਪ੍ਰਸ਼ੰਸਕਾਂ ਨੂੰ ਇੰਤਜ਼ਾਰ ਸੀ, ਓਨਾ ਹੀ ਖੇਡਾਂ ਵਿਵਾਦਾਂ ਨਾਲ ਸ਼ੁਰੂ ਹੋ ਗਈਆਂ। ਫੁੱਟਬਾਲ ਸਮਾਗਮ ਦੀ ਸ਼ੁਰੂਆਤ ਵਿਵਾਦ ਤੇ ਹਿੰਸਾ ਨਾਲ ਹੋਈ।

ਅਰਜਨਟੀਨਾ ਤੇ ਮੋਰੱਕੋ ਵਿਚਾਲੇ ਖੇਡੇ ਗਏ ਮੈਚ 'ਚ ਗਰੁੱਪ ਬੀ 'ਚ ਖਿਡਾਰੀਆਂ ਦੇ ਬੈਂਚ 'ਤੇ ਬੋਤਲਾਂ ਨਾਲ ਹਮਲਾ ਹੋਇਆ। ਪੈਰਿਸ ਓਲੰਪਿਕ 2024 ਦੇ ਫੁੱਟਬਾਲ ਈਵੈਂਟ ਵਿਚ 16 ਟੀਮਾਂ ਸ਼ਾਮਲ ਹਨ ਅਤ ਚਾਰ ਸਮੂਹਾਂ ਵਿਚ ਵੰਡੀਆਂ ਗਈਆਂ ਹਨ। ਹਰ ਗਰੁੱਪ ਵਿਚ ਚਾਰ ਟੀਮਾਂ ਹਨ।

ਸਾਰੇ ਚਾਰ ਗਰੁੱਪਾਂ ਵਿਚੋਂ ਚੋਟੀ ਦੀਆਂ ਦੋ ਟੀਮਾਂ ਕੁਆਰਟਰ ਫਾਈਨਲ ਵਿਚ ਪਹੁੰਚਣਗੀਆਂ, ਜਿਸ ਨਾਲ ਨਾਕਆਊਟ ਮੈਚ ਸ਼ੁਰੂ ਹੋਣਗੇ। ਸ਼ੁਰੂਆਤੀ ਮੈਚ ਵਿਚ ਅਰਜਨਟੀਨਾ ਨੂੰ ਮੋਰੱਕੋ ਖ਼ਿਲਾਫ਼ 1-2 ਨਾਲ ਸਨਸਨੀਖੇਜ਼ ਹਾਰ ਦਾ ਸਾਹਮਣਾ ਕਰਨਾ ਪਿਆ। ਇਸ ਮੈਚ ਨਾਲੋਂ ਜ਼ਿਆਦਾ ਵਿਵਾਦ ਸੁਰਖੀਆਂ 'ਚ ਰਹੇ। ਦਰਅਸਲ, ਪੈਰਿਸ ਓਲੰਪਿਕ 2024 ਦੀ ਸ਼ੁਰੂਆਤ ਫੁੱਟਬਾਲ ਈਵੈਂਟ ਨਾਲ ਹੋਈ ਸੀ, ਜਿਸ ਵਿਚ ਅਰਜਨਟੀਨਾ ਦਾ ਸਾਹਮਣਾ ਮੋਰੱਕੋ ਦੀ ਟੀਮ ਨਾਲ ਹੋਇਆ ਸੀ। ਜੇਵੀਅਰ ਮਾਸਚੇਰਾਨੋ ਦੇ ਪੁਰਸ਼ਾਂ ਲਈ ਮੈਚ ਦੀ ਸ਼ੁਰੂਆਤ ਉਲਟ ਗਈ, ਕਿਉਂਕਿ ਮੋਰੱਕੋ ਨੇ ਪਹਿਲੇ ਹਾਫ ਵਿਚ ਲੀਡ ਲੈ ਲਈ ਅਤੇ ਦੂਜੇ ਹਾਫ ਵਿਚ ਕ੍ਰਿਸਟੀਅਨ ਮਦੀਨਾ ਨੇ ਸ਼ਾਨਦਾਰ ਗੋਲ ਕਰਕੇ ਅਰਜਨਟੀਨਾ ਲਈ ਬਰਾਬਰੀ ਕਰ ਲਈ।

ਮੈਚ 2-2 ਦੀ ਬਰਾਬਰੀ 'ਤੇ ਖਤਮ ਹੋਇਆ ਸੀ ਪਰ ਸਟੇਡੀਅਮ 'ਚ ਬੈਠੇ ਮੋਰੱਕੋ ਦੇ ਪ੍ਰਸ਼ੰਸਕ ਇਸ ਗੱਲ ਨੂੰ ਹਜ਼ਮ ਨਹੀਂ ਕਰ ਸਕੇ, ਜਿਸ ਤੋਂ ਬਾਅਦ ਉਹ ਗੁੱਸੇ 'ਚ ਆ ਗਏ ਤੇ ਮੈਦਾਨ 'ਤੇ ਜਸ਼ਨ ਮਨਾ ਰਹੇ ਅਰਜਨਟੀਨਾ ਦੇ ਖਿਡਾਰੀਆਂ 'ਤੇ ਬੋਤਲਾਂ ਸੁੱਟਣੀਆਂ ਸ਼ੁਰੂ ਕਰ ਦਿੱਤੀਆਂ। ਦੋਵਾਂ ਟੀਮਾਂ ਦੇ ਖਿਡਾਰੀਆਂ ਨੂੰ ਮੈਦਾਨ ਛੱਡਣ ਲਈ ਮਜਬੂਰ ਕੀਤਾ ਗਿਆ ਅਤੇ ਫਿਰ ਖੁਲਾਸਾ ਹੋਇਆ ਕਿ ਮੈਚ ਪੂਰਾ ਨਹੀਂ ਹੋਇਆ ਸੀ, ਸਗੋਂ ਮੁਅੱਤਲ ਕਰ ਦਿੱਤਾ ਗਿਆ ਸੀ।

ਇਕ ਘੰਟੇ ਬਾਅਦ ਨਿਯਮਾਂ ਤਹਿਤ ਗੋਲ ਨੂੰ ਆਫਸਾਈਡ ਮੰਨਿਆ ਗਿਆ ਤੇ ਆਖਰੀ ਮਿੰਟ 'ਚ ਅਰਜਨਟੀਨਾ ਦੁਆਰਾ ਕੀਤੇ ਗਏ ਗੋਲ ਨੂੰ ਨਹੀਂ ਮੰਨਿਆ ਗਿਆ। ਮੈਚ ਅਧਿਕਾਰੀਆਂ ਨੇ ਖਿਡਾਰੀਆਂ ਨੂੰ 20 ਮਿੰਟ ਦੇ ਅਭਿਆਸ ਲਈ ਬੁਲਾਇਆ। ਅਰਜਨਟੀਨਾ ਫਿਰ 5 ਮਿੰਟਾਂ ਦੇ ਅੰਦਰ ਚਮਤਕਾਰ ਕਰਨ ਵਿਚ ਅਸਫਲ ਰਿਹਾ ਅਤੇ ਮੋਰੱਕੋ ਨੇ ਇਹ ਮੈਚ 2-1 ਨਾਲ ਜਿੱਤ ਲਿਆ।

ਲਿਓਨੇਲ ਮੇਸੀ ਤੋਂ ਬਿਨਾਂ ਮੈਚ ਖੇਡਣ ਵਾਲੀ ਅਰਜਨਟੀਨਾ ਦੀ ਟੀਮ ਹਾਰ ਗਈ ਅਤੇ ਮੈਚ ਤੋਂ ਬਾਅਦ ਮੇਸੀ ਨੇ ਕਿਹਾ ਕਿ ਇਹ ਅਵਿਸ਼ਵਾਸਯੋਗ ਸੀ, ਜਦੋਂ ਕਿ ਕੋਚ ਜੇਵੀਅਰ ਮਾਸਚੇਰਾਨੋ ਨੇ ਕਿਹਾ ਕਿ ਮੈਂ ਆਪਣੀ ਜ਼ਿੰਦਗੀ ਦਾ ਸਭ ਤੋਂ ਵੱਡਾ ਸਰਕਸ ਦੇਖਿਆ ਹੈ।

# ਲੋਕ ਖੁਦ ਕਰ ਰਹੇ ਨੇ ਮੇਰਾ ਪ੍ਰਚਾਰ: ਕਮਲਾ ਹੈਰਿਸ

**ਵਾਸ਼ਿੰਗਟਨ ਸਾਂਝੀ ਸੋਚ ਬਿਊਰੋ**

ਅਮਰੀਕੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਆਪਣੀ ਪਹਿਲੀ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਰਿਪਬਲਿਕਨ ਪਾਰਟੀ ਦੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਡੋਨਲਡ ਟਰੰਪ ਅਰਬਪਤੀਆਂ ਅਤੇ ਵੱਡੇ ਕਾਰੋਬਾਰੀਆਂ ਦੀ ਹਮਾਇਤ 'ਤੇ ਨਿਰਭਰ ਹਨ, ਜਦਕਿ ਉਨ੍ਹਾਂ ਦਾ ਪ੍ਰਚਾਰ ਲੋਕ ਆਪਣੇ ਆਪ ਕਰ ਰਹੇ ਹਨ। ਕਮਲਾ ਹੈਰਿਸ ਨੇ ਮਿਲਵਾਕੀ 'ਚ ਕਿਹਾ ਕਿ ਟਰੰਪ ਨੇ ਕੁਝ ਮਹੀਨੇ ਪਹਿਲਾਂ ਵੱਡੀਆਂ ਤੇਲ ਕੰਪਨੀਆਂ ਨਾਲ ਵਾਅਦਾ ਕੀਤਾ ਸੀ ਕਿ ਉਹ ਦਾਨ 'ਚ ਇਕ ਅਰਬ ਡਾਲਰ ਲਈ ਉਨ੍ਹਾਂ ਦੀ ਬੋਲੀ ਲਗਾਉਣਗੇ। ਉਨ੍ਹਾਂ ਆਪਣਾ ਪ੍ਰਚਾਰ ਲੋਕਾਂ ਦੀ ਤਾਕਤ 'ਤੇ ਆਧਾਰਿਤ ਹੋਣ ਦਾ ਦਾਅਵਾ ਕੀਤਾ। ਉਨ੍ਹਾਂ ਕਿਹਾ, "ਦੇਸ਼ ਦਾ ਅਜਿਹਾ ਭਵਿੱਖ ਹੋਵੇਗਾ, ਜਿਥੇ ਕਿਸੇ ਬੱਚੇ ਨੂੰ ਗਰੀਬੀ ਨਹੀਂ ਦੇਖਣੀ ਪਵੇਗੀ। ਜਿਥੇ ਹਰੇਕ ਕਾਮੇ ਨੂੰ ਯੂਨੀਅਨ 'ਚ ਸ਼ਾਮਲ ਹੋਣ ਦੀ ਖੁੱਲ੍ਹ ਹੋਵੇਗੀ ਅਤੇ ਹਰੇਕ ਵਿਅਕਤੀ ਨੂੰ ਢੁਕਵਾਂ ਇਲਾਜ ਮਿਲੇਗਾ। ਅਸੀਂ ਅਜਿਹਾ ਭਵਿੱਖ ਲੋਚਦੇ ਹਾਂ ਜਿਥੇ ਹਰੇਕ ਸੀਨੀਅਰ ਪੂਰੀ ਇੱਜ਼ਤ ਨਾਲ ਸੇਵਾਮੁਕਤ ਹੋ ਸਕੇ।" ਉਨ੍ਹਾਂ ਕਿਹਾ ਕਿ ਜਦੋਂ ਮੱਧ ਵਰਗ ਮਜ਼ਬੂਤ ਹੋਵੇਗਾ ਤਾਂ ਅਮਰੀਕਾ ਵੀ ਮਜ਼ਬੂਤ ਹੋਵੇਗਾ। ਹੈਰਿਸ ਨੇ ਦੋਸ਼ ਲਾਇਆ ਕਿ ਟਰੰਪ ਦੇਸ਼ ਨੂੰ ਪਿਛਾਂਹ ਲਿਜਾਉਣਾ ਚਾਹੁੰਦੇ ਹਨ। ਟਰੰਪ ਦੇ ਪ੍ਰਚਾਰ ਦਲ ਨੇ ਸੰਘੀ ਚੋਣ ਕਮਿਸ਼ਨ ਕੋਲ ਇਕ ਸ਼ਿਕਾਇਤ ਦਾਇਰ ਕਰ ਕੇ ਦਲੀਲ ਦਿੱਤੀ ਹੈ ਕਿ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਦੀ 2024 ਦੀ ਚੋਣ ਮੁਹਿੰਮ ਲਈ ਇਕੱਤਰ ਕੀਤੇ ਗਏ ਫੰਡਾਂ ਨੂੰ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੀ ਰਾਸ਼ਟਰਪਤੀ ਚੋਣ ਮੁਹਿੰਮ ਲਈ ਤਬਦੀਲ ਨਹੀਂ ਕੀਤਾ ਜਾ ਸਕਦਾ ਹੈ। ਇਹ ਸ਼ਿਕਾਇਤ ਮੰਗਲਵਾਰ ਨੂੰ ਟਰੰਪ ਦੀ ਚੋਣ ਮੁਹਿੰਮ ਦੇ ਜਨਰਲ ਕਾਊਂਸਲ ਡੇਵਿਡ ਵਾਰਿੰਗਟਨ ਵੱਲੋਂ ਦਾਇਰ ਕੀਤੀ ਗਈ। ਉਨ੍ਹਾਂ ਦਲੀਲ ਦਿੱਤੀ ਕਿ ਫੰਡਾਂ ਨੂੰ ਹੈਰਿਸ ਦੀ ਰਾਸ਼ਟਰਪਤੀ ਚੋਣ ਮੁਹਿੰਮ ਲਈ ਤਬਦੀਲ ਕਰਨਾ 1971 ਦੇ ਸੰਘੀ ਚੋਣ ਮੁਹਿੰਮ ਐਕਟ ਦੀ ਸਪੱਸ਼ਟ ਉਲੰਘਣਾ ਦੇ ਤੁੱਲ ਹੋਵੇਗਾ।



# ਕਮਲਾ ਹੈਰਿਸ ਦੀ ਪ੍ਰਸਿੱਧੀ ਦਾ ਗਰਾਫ਼ ਤੇਜੀ ਨਾਲ ਉਪਰ ਵੱਲ ਨੂੰ ਚੜ੍ਹਿਆ

## ਇਕ ਤਾਜ਼ਾ ਸਰਵੇ ਅਨੁਸਾਰ ਟਰੰਪ ਲਈ ਬਣ ਸਕਦੀ ਹੈ ਖਤਰਾ

**ਸੈਕਰਾਮੈਂਟੋ ਹੁਸਨ ਲੜੋਆ ਬੰਗਾ**

ਉਪ ਰਾਸ਼ਟਰਪਤੀ ਕਮਲਾ ਹੈਰਿਸ ਨੂੰ ਚੋਣ ਮੈਦਾਨ ਛੱਡ ਗਏ ਜੋ ਬਾਈਡਨ ਵੱਲੋਂ ਰਾਸ਼ਟਰਪਤੀ ਦੇ ਅਹੁੱਦੇ ਲਈ ਉਮੀਦਵਾਰ ਵਜੋਂ ਨਾਮਜ਼ਦ ਕਰਨ ਤੋਂ ਬਾਅਦ ਅਮਰੀਕਾ ਵਿਚ ਰਾਜਸੀ ਦ੍ਰਿਸ਼ ਤੇਜੀ ਨਾਲ ਬਦਲਦਾ ਨਜਰ ਆ ਰਿਹਾ ਹੈ। ਕਮਲਾ ਹੈਰਿਸ ਦੀ ਪ੍ਰਸਿੱਧੀ ਦਾ ਗਰਾਫ਼ ਉਪਰ ਚੜ ਰਿਹਾ ਹੈ ਤੇ ਇਕ ਤਾਜ਼ਾ ਸਰਵੇ ਵਿਚ ਕਿਹਾ ਗਿਆ ਹੈ ਕਿ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਲਈ ਕਮਲਾ ਹੈਰਿਸ ਮੁਸ਼ਕਿਲਾਂ ਖੜੀਆਂ ਕਰ ਸਕਦੀ ਹੈ। ਜੋ ਬਾਈਡਨ ਨਾਲ ਬਹਿਸ ਉਪਰੰਤ ਵਿਸ਼ਵਾਸ਼ ਕੀਤਾ ਜਾ ਰਿਹਾ ਸੀ ਕਿ ਟਰੰਪ ਜਿੱਤ ਜਾਣ ਦੀ ਸਥਿੱਤੀ ਵਿਚ ਹਨ ਪਰੰਤੂ ਤੇਜੀ ਨਾਲ ਬਦਲਦੇ ਰਾਜਸੀ ਹਾਲਾਤ ਦੇ ਮੱਦੇਨਜਰ ਹੁਣ ਉਨਾਂ ਦੀ ਸਥਿੱਤੀ ਪਹਿਲਾਂ ਵਾਲੀ ਨਹੀਂ ਰਹੀ। ਰਾਈਟਰਜ-ਇਪਸੋਸ ਦੇ ਤਾਜ਼ਾ ਸਰਵੇਖਣ ਜੋ 22 ਜੁਲਾਈ ਤੇ 23 ਜੁਲਾਈ ਨੂੰ ਕੀਤਾ ਗਿਆ, ਅਨੁਸਾਰ ਹੈਰਿਸ ਰਜਿਸਟਰਡ ਵੋਟਰਾਂ ਦੇ 44% ਸਮਰਥਨ ਨਾਲ ਟਰੰਪ ਤੋਂ ਅੱਗੇ ਹੈ। ਟਰੰਪ ਨੂੰ 42% ਵੋਟਰਾਂ ਦਾ ਸਮਰਥਨ ਮਿਲਿਆ ਹੈ।



5% ਵੋਟਰਾਂ ਨੇ ਕਿਹਾ ਹੈ ਕਿ ਉਹ ਕਿਸੇ ਹੋਰ ਉਮੀਦਵਾਰ ਨੂੰ ਵੋਟ ਪਾਉਣਗੇ। 4% ਵੋਟਰ ਕਿਸੇ ਵੀ ਉਮੀਦਵਾਰ ਨੂੰ ਵੋਟ ਨਾ ਪਾਉਣ ਦੇ ਹੱਕ ਵਿਚ ਹਨ ਜਦ ਕਿ 5% ਨੇ ਕਿਹਾ ਹੈ ਕਿ ਉਹ ਕੁਝ ਨਹੀਂ ਕਹਿ ਸਕਦੇ। ਇਸ ਸਰਵੇ ਵਿਚ 3% ਗਲਤੀ ਦੀ ਸੰਭਾਵਨਾ ਰਖੀ ਗਈ ਹੈ। ਇਸ ਸਰਵੇ ਦੀਆਂ ਲੱਭਤਾਂ ਅਨੁਸਾਰ ਹੈਰਿਸ ਤੇਜੀ ਨਾਲ ਸਾਬਤ ਕਦਮਾਂ ਨਾਲ ਅੱਗੇ ਵਧ ਰਹੀ ਹੈ। ਇਸ ਤੋਂ ਪਹਿਲਾਂ ਜੁਲਾਈ ਵਿਚ ਹੀ ਕੀਤੇ ਇਕ ਸਰਵੇ ਵਿਚ ਹੈਰਿਸ ਤੇ ਟਰੰਪ ਨੂੰ ਬਰਾਬਰ 44% ਵੋਟਰਾਂ ਨੇ ਸਮਰਥਨ ਦਿੱਤਾ ਸੀ ਜਦ ਕਿ ਜੂਨ ਵਿਚ ਕੀਤੇ ਸਰਵੇ ਵਿਚ ਟਰੰਪ ਨੂੰ 1% ਵੋਟਾਂ ਦੀ ਬੜਤ ਹਾਸਲ ਸੀ। ਇਸੇ ਦੌਰਾਨ ਵੱਖ ਵੱਖ ਸੂਤਰਾਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਕਮਲਾ ਹੈਰਿਸ ਨੇ ਡੈਮੋਕਰੈਟਿਕ ਨੈਸ਼ਨਲ ਕਨਵੈਨਸ਼ਨ ਲਈ ਲੋੜੀਂਦੇ ਡੈਲੀਗੇਟਾਂ ਦਾ ਸਮਰਥਨ ਪ੍ਰਾਪਤ ਕਰ ਲਿਆ ਹੈ ਤੇ ਉਸ ਨੂੰ ਅਗਲੇ ਮਹੀਨੇ ਪਾਰਟੀ ਵੱਲੋਂ ਰਾਸ਼ਟਰਪਤੀ ਅਹੁੱਦੇ ਲਈ ਉਮੀਦਵਾਰ ਐਲਾਨ ਦਿੱਤਾ ਜਾਵੇਗਾ। ਡੈਲੀਗੇਟਾਂ ਬਾਰੇ ਏ ਪੀ ਵੱਲੋਂ ਕੀਤੇ ਇਕ ਸਰਵੇ ਵਿਚ ਕਿਹਾ ਗਿਆ ਹੈ ਕਿ ਹੈਰਿਸ ਨੂੰ 2538 ਡੈਲੀਗੇਟਾਂ ਦਾ ਸਮਰਥਨ ਹਾਸਲ ਹੈ ਜਦ ਕਿ ਉਸ ਨੂੰ ਪਾਰਟੀ ਉਮੀਦਵਾਰ ਬਣਨ ਲਈ 1976 ਡੈਲੀਗੇਟਾਂ ਦੀ ਲੋੜ ਹੈ। ਡੈਮੋਕਰੈਟਿਕ ਨੈਸ਼ਨਲ ਕਮੇਟੀ ਦੇ ਚੇਅਰਮੈਨ ਜੈਮ ਹੈਰੀਸਨ ਨੇ ਕਿਹਾ ਹੈ ਕਿ ਪਾਰਟੀ ਵੱਲੋਂ ਰਾਸ਼ਟਰਪਤੀ ਅਹੁੱਦੇ ਲਈ ਉਮੀਦਵਾਰ ਦਾ ਐਲਾਨ 7 ਅਗਸਤ ਤੱਕ ਕਰ ਦਿੱਤਾ ਜਾਵੇਗਾ।

Space available for Ad
Contact # +1 (209) 303-1260

# ਸੁਖਬੀਰ ਬਾਦਲ ਅਕਾਲ ਤਖ਼ਤ ਅੱਗੇ ਪੇਸ਼

## ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਵੱਖਰੇ ਤੌਰ 'ਤੇ ਸਪਸ਼ਟੀਕਰਨ ਸੌਂਪਿਆ

## ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਮਗਰੋਂ ਹੋਵੇਗੀ ਅਗਲੇਰੀ ਕਾਰਵਾਈ

**ਅੰਮ੍ਰਿਤਸਰ ਸਾਂਝੀ ਸੋਚ ਬਿਊਰੋ**



ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅੱਜ ਇਥੇ ਸ੍ਰੀ ਅਕਾਲ ਤਖਤ ਅੱਗੇ ਪੇਸ਼ ਹੋਏ। ਉਨ੍ਹਾਂ ਆਪਣਾ ਸਪਸ਼ਟੀਕਰਨ ਬੰਦ ਲਿਫਾਫੇ ਵਿਚ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਸੌਂਪਿਆ। ਜਥੇਦਾਰ ਨੇ ਕਿਹਾ ਕਿ ਇਸ ਸਪਸ਼ਟੀਕਰਨ ਨੂੰ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿੱਚ ਵਿਚਾਰਨ ਉਪਰੰਤ ਅਗਲੀ ਕਾਰਵਾਈ ਕੀਤੀ ਜਾਵੇਗੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਵੀ ਆਪਣਾ ਸਪਸ਼ਟੀਕਰਨ ਅਕਾਲ ਤਖ਼ਤ ਵਿਖੇ ਸੌਂਪ ਦਿੱਤਾ ਹੈ। ਪੰਜ ਸਿੰਘ ਸਾਹਿਬਾਨ ਦੀ 15 ਜੁਲਾਈ ਨੂੰ ਹੋਈ ਬੈਠਕ ਵਿੱਚ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਵਿਰੋਧੀ ਧੜੇ ਵੱਲੋਂ ਲਾਏ ਗਏ ਦੋਸ਼ਾਂ ਸਬੰਧੀ ਸਪਸ਼ਟੀਕਰਨ ਦੇਣ ਲਈ 15 ਦਿਨਾਂ ਅੰਦਰ ਨਿੱਜੀ ਤੌਰ 'ਤੇ ਪੇਸ਼ ਹੋਣ ਦੇ ਹੁਕਮ ਦਿੱਤੇ ਸਨ। ਸ੍ਰੀ ਬਾਦਲ ਨੇ ਉਪਰੋਕਤ ਦੋਸ਼ਾਂ ਦੇ ਸਬੰਧ ਵਿਚ ਅੱਜ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਆਪਣਾ ਸਪਸ਼ਟੀਕਰਨ ਸੌਂਪਿਆ। ਇਸ ਮੌਕੇ ਉਨ੍ਹਾਂ ਦੇ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ, ਬਲਵਿੰਦਰ ਸਿੰਘ ਭੂੰਦੜ, ਮਹੇਸ਼ ਇੰਦਰ ਸਿੰਘ ਗਰੇਵਾਲ ਤੇ ਹੋਰ ਹਾਜ਼ਰ ਸਨ।


# ਦਿੱਲੀ ਅਦਾਲਤ ਵੱਲੋਂ ਕੇਜਰੀਵਾਲ, ਸਿਸੋਦੀਆ ਅਤੇ ਕੇ ਕਵਿਤਾ ਦੀ ਨਿਆਂਇਕ ਹਿਰਾਸਤ 'ਚ ਵਾਧਾ

**ਨਵੀਂ ਦਿੱਲੀ ਸਾਂਝੀ ਸੋਚ ਬਿਊਰੋ**

ਦਿੱਲੀ ਦੀ ਇਕ ਅਦਾਲਤ ਨੇ ਵੀਰਵਾਰ ਨੂੰ ਕਥਿਤ ਆਬਕਾਰੀ ਘੋਟਾਲੇ ਨਾਲ ਜੁੜੇ ਮਨੀ ਲਾਂਡਰਿੰਗ ਅਤੇ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਨਿਆਂਇਕ ਹਿਰਾਸਤ ਵਿਚ ਵਾਧਾ ਕਰ ਦਿੱਤਾ।



ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਨੇ ਇਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਮਨੀ ਲਾਂਡਰਿੰਗ ਮਾਮਲੇ ਵਿੱਚ ਕੀਤੀ ਜਾ ਰਹੀ ਜਾਂਚ ਸਬੰਧੀ ਕੇਜਰੀਵਾਲ ਦੀ ਹਿਰਾਸਤ 31 ਜੁਲਾਈ ਤੱਕ ਵਧਾ ਦਿੱਤੀ ਹੈ, ਜਦੋਂ ਕਿ ਸੀ.ਬੀ.ਆਈ. ਦੁਆਰਾ ਦਰਜ ਭ੍ਰਿਸ਼ਟਾਚਾਰ ਦੇ ਇੱਕ ਮਾਮਲੇ ਵਿਚ ਉਨ੍ਹਾਂ ਦੀ ਨਿਆਂਇਕ ਹਿਰਾਸਤ 8 ਅਗਸਤ ਤੱਕ ਵਧਾ ਦਿੱਤੀ ਗਈ ਹੈ। ਇਸੇ ਤਰ੍ਹਾਂ ਜੱਜ ਨੇ ਮਨੀ ਲਾਂਡਰਿੰਗ ਮਾਮਲੇ 'ਚ ਆਮ ਆਦਮੀ ਪਾਰਟੀ ਦੇ ਆਗੂ ਅਤੇ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਅਤੇ ਭਾਰਤ ਰਾਸ਼ਟਰ ਸਮਿਤੀ ਦੀ ਆਗੂ ਕੇ ਕਵਿਤਾ ਅਤੇ ਹੋਰ ਮੁਲਜ਼ਮਾਂ ਦੀ ਨਿਆਂਇਕ ਹਿਰਾਸਤ 31 ਜੁਲਾਈ ਤੱਕ ਵਧਾ ਦਿੱਤੀ ਹੈ। ਮੁਲਜ਼ਮਾਂ ਨੂੰ ਵੀਡੀਓ ਕਾਨਫਰੰਸ ਰਾਹੀਂ ਅਦਾਲਤ ਵਿਚ ਪੇਸ਼ ਕੀਤਾ ਗਿਆ ਸੀ।


web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਅੱਜ ਹੀ ਕਾਲ ਕਰੋ :
ਰਾਜਿੰਦਰ ਟਾਂਡਾ
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330

# ਡੀ.ਐੱਮ.ਸੀ ਦੀ ਮਨਮਾਨੀ ’ਤੇ ਹਾਈਕੋਰਟ ਨੇ ਪੰਜਾਬ ਸਰਕਾਰ ਨੂੰ ਲਗਾਈ ਫਟਕਾਰ

ਤਰਨ ਤਾਰਨ
ਸਾਂਝੀ ਸੋਚ ਬਿਊਰੋ

ਰੀਹੇਬ, ਓਏਟੀ ਸੈਂਟਰ ਅਤੇ ਨਸ਼ਾ ਛਡਾਊ ਸੈਂਟਰਾਂ ਵਿੱਚ ਸਟਾਫ਼ ਮੁਹੱਈਆ ਕਰਵਾਉਣ ਵਾਲੀ ਏਸ਼ੀਆ ਐਡਵਾਂਸਡ ਡਿਵੈਲਪਮੈਂਟ ਪ੍ਰਾਈਵੇਟ ਕੰਪਨੀ ਵੱਲੋਂ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰਦਿਆਂ ਜਸਟਿਸ ਅਰੁਣ ਪੱਲੀ ਅਤੇ ਜਸਟਿਸ ਵਿਕਰਮ ਦੀ ਬੈਂਚ ਨੂੰ ਸਖ਼ਤ ਫਟਕਾਰ ਲਗਾਈ ਹੈ ਸਰਕਾਰ ਨੇ ਵੀਰਵਾਰ ਨੂੰ ਰਿਪੋਰਟ ਮੰਗੀ ਹੈ। ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ 2 ਅਗਸਤ ਨੂੰ ਹੋਵੇਗੀ। ਏਸ਼ੀਆ ਐਡਵਾਂਸ ਡਿਵੈਲਪਮੈਂਟ ਪ੍ਰਾਈਵੇਟ ਕੰਪਨੀ ਨੇ ਤਰਨਤਾਰਨ ਜ਼ਿਲ੍ਹੇ ਵਿੱਚ ਨਸ਼ਾ ਛੁਡਾਊ ਕੇਂਦਰਾਂ, ਰੀ-ਹੈਬ ਸੈਂਟਰਾਂ ਅਤੇ ਓਏਟੀ ਕੇਂਦਰਾਂ ਵਿੱਚ ਠੇਕਾ ਆਧਾਰਿਤ ਪ੍ਰਣਾਲੀ ਅਧੀਨ ਸਟਾਫ਼ ਮੁਹੱਈਆ ਕਰਵਾਇਆ ਹੈ। ਉਕਤ ਕੰਪਨੀ ਨੂੰ 31 ਮਾਰਚ 2024 ਤੋਂ 9 ਮਹੀਨਿਆਂ ਲਈ ਠੇਕਾ ਦਿੱਤਾ ਗਿਆ ਸੀ। ਇਸ ਦੌਰਾਨ ਕੰਪਨੀ ਦਾ 9 ਮਹੀਨੇ ਦਾ ਕਾਰਜਕਾਲ ਪੂਰਾ ਹੋ ਰਿਹਾ ਸੀ ਜਦੋਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਚੋਣ ਜ਼ਾਬਤਾ ਲਾਗੂ ਹੋਇਆ ਸੀ। ਕੰਪਨੀ ਨੇ ਨਿਯਮਾਂ ਤਹਿਤ ਠੇਕਾ ਪ੍ਰਣਾਲੀ ਵਿਚ ਵਾਧੇ ਲਈ ਅਰਜ਼ੀ ਦਿੱਤੀ ਸੀ। ਇਸੇ ਦੌਰਾਨ ਤਰਨਤਾਰਨ ਵਿੱਚ ਤਾਇਨਾਤ ਡਿਪਟੀ ਮੈਡੀਕਲ ਕਮਿਸ਼ਨਰ ਡਾ: ਸੰਦੀਪ ਸਿੰਘ ਕਾਲੜਾ ਵੱਲੋਂ ਜ਼ਿਲ੍ਹੇ ਦੇ ਡੀਸੀ ਸੰਦੀਪ ਕੁਮਾਰ ਨੂੰ ਉਕਤ ਕੰਪਨੀ ਦਾ ਠੇਕਾ ਛੇ ਮਹੀਨੇ ਹੋਰ ਵਧਾਉਣ ਦੀ ਮਨਜ਼ੂਰੀ ਦੇ ਦਿੱਤੀ ਗਈ ਸੀ, ਪਰ ਇਸ ਸਬੰਧੀ ਡੀ.ਐਮ.ਸੀ. ਨੂੰ ਸਬੰਧਤ ਕੰਪਨੀ ਨੂੰ ਸੂਚਿਤ ਕਰਨ ਦੇ ਹੁਕਮ ਦਿੱਤੇ ਗਏ ਸਨ। ਡੀਐਮਸੀ ਵਿੱਚ ਵਾਧੇ ਬਾਰੇ ਇੱਕ ਪੱਤਰ ਜਾਰੀ ਕਰੋ, ਪਰ ਡੀਐਮਸੀ ਨੇ ਪੱਤਰ ਜਾਰੀ ਨਹੀਂ ਕੀਤਾ।

ਕੰਪਨੀ ਦੇ ਡਿਪਟੀ ਡਾਇਰੈਕਟਰ ਦਵਿੰਦਰ ਸਿੰਘ ਨੇ ਦੋਸ਼ ਲਾਇਆ ਕਿ ਡੀਐਮਸੀ ਪਿਛਲੇ ਲੰਮੇ ਸਮੇਂ ਤੋਂ ਉਸ ਤੋਂ ਰਿਸ਼ਵਤ ਦੀ ਮੰਗ ਕਰ ਰਹੀ ਸੀ। ਰਿਸ਼ਵਤ ਨਾ ਦੇਣ 'ਤੇ ਉਨ੍ਹਾਂ ਨੂੰ ਪ੍ਰੇਸ਼ਾਨ ਕੀਤਾ ਜਾਂਦਾ ਸੀ। ਇੰਨਾ ਹੀ ਨਹੀਂ ਡੀਐਮਸੀ ਵੱਲੋਂ ਮੁਲਾਜ਼ਮਾਂ ਨੂੰ ਤਨਖਾਹਾਂ ਜਾਰੀ ਕਰਨ ਅਤੇ ਕੰਪਨੀ ਨੂੰ ਪੈਸੇ ਜਾਰੀ ਕਰਨ ਵਿੱਚ ਵੀ ਲਗਾਤਾਰ ਦੇਰੀ ਕੀਤੀ ਜਾ ਰਹੀ ਹੈ। ਪੰਜਾਬ ਹਰਿਆਣਾ ਹਾਈਕੋਰਟ ਵਿੱਚ ਦਾਇਰ ਪਟੀਸ਼ਨ ਨੰਬਰ 17366/24 ਅਨੁਸਾਰ ਡੀ.ਐਮ.ਸੀ ਸੰਦੀਪ ਕਾਲੜਾ ਨੇ 4 ਜੁਲਾਈ ਨੂੰ ਏਸ਼ੀਆ ਐਡਵਾਂਸਡ ਡਿਵੈਲਪਮੈਂਟ ਪ੍ਰਾਈਵੇਟ ਕੰਪਨੀ ਨੂੰ ਪੱਤਰ ਜਾਰੀ ਕਰਕੇ ਦੱਸਿਆ ਕਿ ਜਿੰਨਾ ਚਿਰ ਇਹ ਠੇਕਾ ਕਿਸੇ ਹੋਰ ਕੰਪਨੀ ਨੂੰ ਅਲਾਟ ਨਹੀਂ ਹੁੰਦਾ, ਤੁਹਾਡੀ ਕੰਪਨੀ ਜੀ. ਇਸ ਸਮੇਂ ਦੌਰਾਨ, ਡੀਐਮਸੀ ਨੇ ਚਲਾਕੀ ਨਾਲ ਉਸੇ ਮਿਤੀ 4 ਜੁਲਾਈ 2024 ਨੂੰ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਦੇ ਡਾਇਰੈਕਟਰ ਨੂੰ ਪੱਤਰ ਜਾਰੀ ਕਰਦਿਆਂ ਕਿਹਾ ਕਿ ਏਸ਼ੀਆ ਐਡਵਾਂਸ ਪ੍ਰਾਈਵੇਟ ਕੰਪਨੀ ਦਾ ਕਾਰਜਕਾਲ 31 ਮਾਰਚ 2024 ਨੂੰ ਖਤਮ ਹੋ ਗਿਆ ਹੈ। ਅਜਿਹੀ ਸਥਿਤੀ ਵਿੱਚ ਡੀਐਮਸੀ ਨੇ ਆਪਣੀ ਪਸੰਦੀਦਾ ਇਨੋਵਿਜ਼ਨ ਲਿਮਟਿਡ ਕੰਪਨੀ ਨੂੰ ਠੇਕਾ ਜਾਰੀ ਕਰਨ ਦੀ ਸਿਫਾਰਸ਼ ਕੀਤੀ ਹੈ। ਡੀਐਮਸੀ ਨੇ ਵਿਭਾਗ ਨੂੰ ਪੱਤਰ ਜਾਰੀ ਕਰਦਿਆਂ ਲਿਖਿਆ ਕਿ ਠੇਕਾ ਨਵੀਂ ਕੰਪਨੀ ਇਨੋਵਿਜ਼ਨ ਲਿਮਟਿਡ ਨੂੰ ਦਿੱਤਾ ਜਾਵੇ, ਤਾਂ ਜੋ ਕੰਮ ਪ੍ਰਭਾਵਿਤ ਨਾ ਹੋਵੇ। ਇੱਥੇ ਹੀ ਬੱਸ ਨਹੀਂ ਡੀਸੀ ਨੇ ਤਰਨਤਾਰਨ ਜ਼ਿਲ੍ਹੇ ਦੇ ਤਤਕਾਲੀਨ ਸਿਵਲ ਸਰਜਨ ਡਾ: ਕਮਲ ਪਾਲ ਸਿੱਧੂ ਨੂੰ ਤਰਨਤਾਰਨ ਜ਼ਿਲ੍ਹੇ ਦੇ ਪਿੰਡ ਭਗੂਪੁਰ ਵਿੱਚ ਸਾਲਾਂ ਤੋਂ ਬੰਦ ਪਏ ਸੈਂਟਰ ਨੂੰ ਚਾਲੂ ਕਰਨ ਦੇ ਹੁਕਮ ਦਿੱਤੇ ਸਨ।

ਉਕਤ ਕੇਂਦਰ ਮਾਰਚ ਮਹੀਨੇ ਵਿੱਚ ਮੁੜ ਖੋਲ੍ਹਿਆ ਗਿਆ ਸੀ। ਇਸ ਲਈ ਮੇਨ ਪਾਵਰ ਦੀ ਲੋੜ ਸੀ, ਜਿਸ ਕਾਰਨ ਸਿਵਲ ਸਰਜਨ ਡਾ: ਕਮਲਪਾਲ ਸਿੱਧੂ ਨੇ 22 ਮੁਲਾਜ਼ਮ ਭਰਤੀ ਕਰਨ ਦੇ ਹੁਕਮ ਦਿੱਤੇ ਕ ਡੀਐਮਸੀ ਉਸ ਸਮੇਂ ਵਿਦੇਸ਼ ਦੌਰੇ ’ਤੇ ਸੀ। ਜਦੋਂ ਡੀਐਮਸੀ 21 ਮਾਰਚ ਨੂੰ ਵਾਪਸ ਆਈ ਤਾਂ ਉਸ ਨੇ ਇਸ ’ਤੇ ਕੋਈ ਇਤਰਾਜ਼ ਨਹੀਂ ਕੀਤਾ।

30 ਅਪਰੈਲ ਨੂੰ ਡਾਕਟਰ ਕਮਲਪਾਲ ਸਿੱਧੂ ਦੀ ਸੇਵਾਮੁਕਤੀ ਤੋਂ ਬਾਅਦ ਡੀਐਮਸੀ ਨੇ ਸਿਹਤ ਵਿਭਾਗ ਨੂੰ ਪੱਤਰ ਲਿਖ ਕੇ ਉਕਤ ਮੁਲਾਜ਼ਮਾਂ ਨੂੰ ਗਲਤ ਨਿਯਮਾਂ ਅਨੁਸਾਰ ਭਰਤੀ ਕਰਨ ਦਾ ਦੋਸ਼ ਲਾਇਆ ਸੀ। ਜਿਸ ਦੌਰਾਨ ਸਿਹਤ ਵਿਭਾਗ ਦੇ ਡਾਇਰੈਕਟਰ ਅਨਿਲ ਗੋਇਲ ਨੇ ਸੇਵਾਮੁਕਤ ਸਿਵਲ ਸਰਜਨ ਡਾ: ਕਮਲਪਾਲ ਸਿੱਧੂ, ਮੌਜੂਦਾ ਸਿਵਲ ਸਰਜਨ ਡਾ: ਸੰਜੀਵ ਕੋਹਲੀ, ਡੀਐਮਸੀ ਸੰਦੀਪ ਸਿੰਘ ਕਾਲੜਾ, ਨੋਡਲ ਅਫ਼ਸਰ ਗੁਰਿੰਦਰ ਬੀਰ ਸਿੰਘ ਦੀ ਟੀਮ ਨਾਲ ਚੰਡੀਗੜ੍ਹ ਵਿਖੇ ਮੀਟਿੰਗ ਕੀਤੀ। ਗੋਇਲ ਨੂੰ ਹੁਕਮ ਦਿੱਤੇ ਕਿ ਭਰਤੀ ਕੀਤੇ ਮੁਲਾਜ਼ਮਾਂ ਦੀ ਪ੍ਰਵਾਨਗੀ ਲਈ ਕਾਗਜ਼ੀ ਕਾਰਵਾਈ ਕੀਤੀ ਜਾਵੇ ਅਤੇ ਰਿਪੋਰਟ ਦਿੱਤੀ ਜਾਵੇ। ਜ਼ਿਲ੍ਹੇ ਦੇ ਡੀਸੀ ਨੇ ਉਕਤ ਮੁਲਾਜ਼ਮਾਂ ਦੀ ਭਰਤੀ ਨੂੰ ਮਨਜ਼ੂਰੀ ਦੇ ਦਿੱਤੀ ਸੀ, ਜਦੋਂ ਕਿ ਤਤਕਾਲੀ ਸਿਵਲ ਸਰਜਨ ਡਾ: ਸੰਜੀਵ ਕੋਹਲੀ ਨੇ 23 ਪੰਨਿਆਂ ਦੀ ਰਿਪੋਰਟ ਤਿਆਰ ਕਰਕੇ ਡੀਐਮਸੀ ਨੂੰ ਉਕਤ ਰਿਪੋਰਟ ਚੰਡੀਗੜ੍ਹ ਭੇਜਣ ਦੇ ਹੁਕਮ ਦਿੱਤੇ ਸਨ ਪਰ ਡੀਐਮਸੀ ਨੇ ਉਕਤ ਰਿਪੋਰਟ ਨੂੰ ਰੱਦ ਕਰ ਦਿੱਤਾ ਸੀ। ਏਸ਼ੀਅਨ ਐਡਵਾਂਸ ਕੰਪਨੀ ਨੇ ਇਸ ਮਾਮਲੇ ਨੂੰ ਲੈ ਕੇ ਹਾਈ ਕੋਰਟ ਤੱਕ ਪਹੁੰਚ ਕੀਤੀ ਸੀ। ਵਕੀਲ ਪ੍ਰਿਯਾਂਸ਼ੂ ਕਾਮਰਾ ਵੀਰਵਾਰ ਨੂੰ ਅਦਾਲਤ 'ਚ ਪੇਸ਼ ਹੋਏ। ਹਾਈ ਕੋਰਟ ਦੇ ਡਿਵੀਜ਼ਨ ਬੈਂਚ ਨੇ ਐਡਵੋਕੇਟ ਜਨਰਲ ਤੋਂ ਜਵਾਬ ਮੰਗਿਆ ਜਦੋਂ ਜਵਾਬ ਤਸੱਲੀਬਖਸ਼ ਨਾ ਮਿਲਿਆ ਤਾਂ ਅਦਾਲਤ ਨੇ ਪੰਜਾਬ ਸਰਕਾਰ ਨੂੰ ਫਟਕਾਰ ਲਗਾਈ ਅਤੇ ਰਿਪੋਰਟ ਮੰਗੀ। ਹੁਣ ਅਗਲੇਰੀ ਸੁਣਵਾਈ 2 ਅਗਸਤ ਨੂੰ ਹੋਵੇਗੀ।



# ਅਸਿਸਟੈਂਟ ਪੋਸਟਮਾਸਟਰ ਰਾਜਵਿੰਦਰ ਕੌਰ ਦੀ ਸੇਵਾ ਮੁਕਤੀ ’ਤੇ ਸਟਾਫ਼ ਵੱਲੋਂ ਵਿਦਾਇਗੀ ਪਾਰਟੀ



ਤਰਨ ਤਾਰਨ
ਰਕੇਸ਼ ਨਈਅਰ

ਪੋਸਟ ਆਫਿਸ ਵਿਭਾਗ ਵਿੱਚ 1999 'ਚ ਕਪੂਰਥਲਾ ਤੋਂ ਆਪਣੀ ਡਿਊਟੀ ਸ਼ੁਰੂ ਕਰਕੇ ਅੰਮ੍ਰਿਤਸਰ,ਬੰਡਾਲਾ ਵਿਖੇ ਬਿਹਤਰ ਤੇ ਬੇਦਾਗ ਅਣਥੱਕ ਸੇਵਾਵਾਂ ਨਿਭਾਉਂਦਿਆਂ 'ਤੇ ਹੁਣ ਤਰਨ ਤਾਰਨ ਵਿਖੇ ਬਤੌਰ ਅਸਿਸਟੈਂਟ ਪੋਸਟ ਮਾਸਟਰ ਸੇਵਾਵਾਂ ਨਿਭਾਉਂਦੇ ਆ ਰਹੇ ਰਾਜਵਿੰਦਰ ਕੌਰ ਵੱਲੋਂ ਸਵੈ ਇੱਛਾ ਨਾਲ ਲਈ ਗਈ ਸੇਵਾ ਮੁਕਤੀ ਮੌਕੇ ਸਮੂਹ ਸਟਾਫ ਵੱਲੋਂ ਉਹਨਾਂ ਨੂੰ ਸਥਾਨਕ ਇੱਕ ਰੈਸਟੋਰੈਂਟ ਵਿਖੇ ਵਿਦਾਇਗੀ ਪਾਰਟੀ ਦਿੱਤੀ ਗਈ।

ਇਸ ਮੌਕੇ ਉਹਨਾਂ ਦੇ ਨਾਲ ਡਿਊਟੀ ਨਿਭਾ ਰਹੇ ਸਟਾਫ ਅਤੇ ਉਹਨਾਂ ਦੇ ਪਰਿਵਾਰਕ ਮੈਂਬਰਾਂ ਵਲੋਂ ਵੀ ਉਚੇਚੇ ਤੌਰ 'ਤੇ ਸ਼ਮੂਲੀਅਤ ਕੀਤੀ ਗਈ।

ਇਸ ਮੌਕੇ ਸਮੂਹ ਸਟਾਫ ਵੱਲੋਂ ਰਾਜਵਿੰਦਰ ਕੌਰ ਨੂੰ ਜਿੱਥੇ ਸੇਵਾ ਮੁਕਤੀ 'ਤੇ ਉਹਨਾਂ ਦੀ ਬਾਕੀ ਜਿੰਦਗੀ ਖੁਸ਼ਹਾਲ ਰਹਿਣ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ,ਉਥੇ ਉਹਨਾਂ ਨੂੰ ਯਾਦਗਾਰੀ ਚਿੰਨ ਤੇ ਤੋਹਫੇ ਦੇ ਕੇ ਉਹਨਾਂ ਦਾ ਮਾਨ ਸਨਮਾਨ ਕੀਤਾ ਗਿਆ।

ਇਸ ਮੌਕੇ ਪੋਸਟ ਆਫਿਸ ਦੇ ਸਟਾਫ ਤੋਂ ਇਲਾਵਾ ਪੁੱਜੇ ਅਧਿਕਾਰੀਆਂ ਜਿਨਾਂ ਵਿੱਚ ਪੋਸਟ ਮਾਸਟਰ ਸਮੀਰ ਨਾਗਪਾਲ,ਏਐਸਪੀ ਦਲੀਪ ਸਿੰਘ, ਡਾਇਰੈਕਟਰ ਲਖਵਿੰਦਰ ਪਾਲ ਸਿੰਘ,ਸਟੇਜ ਸਕੱਤਰ ਹਰਜਿੰਦਰ ਸਿੰਘ ਤੇ ਹੋਰ ਬੁਲਾਰਿਆਂ ਨੇ ਰਾਜਵਿੰਦਰ ਕੌਰ ਦੀਆਂ ਆਪਣੀ ਡਿਊਟੀ ਦੌਰਾਨ ਨਿਭਾਈਆਂ ਗਈਆਂ ਅਣਥੱਕ ਤੇ ਬਿਹਤਰ ਸੇਵਾਵਾਂ ਦੀ ਸਲਾਘਾ ਕੀਤੀ।ਉਹਨਾਂ ਕਿਹਾ ਕਿ ਪੋਸਟ ਆਫਿਸ ਦੀ ਤਰੱਕੀ ਵਿੱਚ ਇਹੋ ਜਿਹੇ ਮਿਹਨਤੀ ਅਧਿਕਾਰੀ ਤੇ ਕਰਮਚਾਰੀਆਂ ਦਾ ਹਮੇਸ਼ਾ ਵੱਡਾ ਯੋਗਦਾਨ ਰਿਹਾ ਹੈ ਅਤੇ ਇਹਨਾਂ ਨਾਲ ਸਮਾਂ ਬਿਤਾਉਣ ਵਾਲੇ ਸਟਾਫ ਲਈ ਇਹਨਾਂ ਦੇ ਵਿਭਾਗ ਨੂੰ ਸਮਰਪਿਤ ਹੋ ਕੇ ਕੰਮ ਕਰਨ ਦੇ ਤਰੀਕੇ ਇੱਕ ਸੇਧ ਵਜੋਂ ਜਾਣੇ ਜਾਣਗੇ।

ਉਹਨਾਂ ਕਿਹਾ ਕਿ ਅਸੀਂ ਸਮੂਹ ਸਟਾਫ ਵੱਲੋਂ ਇਹਨਾਂ ਦੀ ਬਾਕੀ ਜਿੰਦਗੀ ਖੁਸ਼ਹਾਲ ਅਤੇ ਆਪਣੇ ਪਰਿਵਾਰ ਵਿੱਚ ਵਧੀਆ ਬਤੀਤ ਕਰਨ ਲਈ ਸ਼ੁਭਕਾਮਨਾਵਾਂ ਦਿੰਦੇ ਹਾਂ, ਉੱਥੇ ਇਹਨਾਂ ਦੀ ਸੇਵਾ ਮੁਕਤੀ ਹੋਣ ਨਾਲ ਵਿਭਾਗ ਨੂੰ ਇੱਕ ਮਿਹਨਤੀ ਅਧਿਕਾਰੀ ਦੀ ਘਾਟ ਜਰੂਰ ਰੜਕੇਗੀ।

ਇਸ ਮੌਕੇ ਰਾਜਵਿੰਦਰ ਕੌਰ ਅਤੇ ਉਹਨਾਂ ਦੇ ਪਤੀ ਮਨਜਿੰਦਰ ਸਿੰਘ ਨੇ ਸਮੂਹ ਪੋਸਟ ਆਫਿਸ ਸਟਾਫ ਅਤੇ ਪੁੱਜੇ ਪਰਿਵਾਰਿਕ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਰਾਜਵਿੰਦਰ ਦੇ ਪਿਤਾ ਜੀ ਗਿਆਨੀ ਅਜੀਤ ਸਿੰਘ ਤੇ ਹੋਰ ਪਰਿਵਾਰਕ ਮੈਂਬਰ ਹਾਜ਼ਰ ਸਨ।




SINCE 1990
BAGGA
PALACE
ਇੱਕੋ ਥਾਂ 'ਤੇ ਪਿਛਲੇ 1990 ਤੋਂ
ਤੁਹਾਡੀ ਸੇਵਾ ਕਰ ਰਹੇ ਹਨ
ਖਰੀਦੋ ਮਨਪਸੰਦ ਸੋਨੇ ਦੇ ਗਹਿਣੇ
ਨਵੇਂ ਤੋਂ ਨਵੇਂ ਡਿਜ਼ਾਈਨ
ਸ਼ੁੱਧਤਾ ਦੀ 100% ਗਾਰੰਟੀ
22 ਕੈਰੇਟ ਸੋਨੇ ਦੇ ਗਹਿਣੇ
We buy Gold
ਸੋਨੇ ਦੇ ਗਹਿਣੇ ਖਰੀਦਣ, ਵੇਚਣ ਅਤੇ ਪੁਰਾਣੇ ਸੋਨੇ ਬਦਲੇ
ਨਵਾਂ ਸੋਨਾ ਲੈਣ ਲਈ ਸੰਪਰਕ ਕਰੋ
Ph.: (916) 393-1872, (916) 678-9312
Monday to Sunday (open) | Tuesday ( closed )
(closed)
ADDRESS : 6620 FLORIN ROAD, SACRAMENTO , CA 95828

# ਭਾਰਤੀ ਲੋਕ ਇੰਗਲੈਂਡ ਵਾਂਗ ਟੈਕਸ ਦੇ ਰਹੇ ਹਨ, ਬਦਲੇ ’ਚ ਸਰਕਾਰ ਸੋਮਾਲੀਆ ਵਰਗੀਆਂ ਸਹੂਲਤਾਂ ਦਿੰਦੀ ਹੈ- ਰਾਘਵ ਚੱਢਾ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

ਆਮ ਆਦਮੀ ਪਾਰਟੀ (ਆਪ) ਦੇ ਪੰਜਾਬ ਤੋਂ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਵੀਰਵਾਰ ਨੂੰ ਸੰਸਦ ਵਿੱਚ ਜ਼ੋਰਦਾਰ ਭਾਸ਼ਣ ਦਿੱਤਾ। ਉਨ੍ਹਾਂ ਆਪਣੇ ਭਾਸ਼ਣ ਵਿੱਚ ਕੇਂਦਰ ਸਰਕਾਰ ਨੂੰ ਘੇਰਿਆ ਅਤੇ ਲੋਕ ਸਭਾ ਚੋਣਾਂ ਵਿੱਚ ਹਾਰ ਦੇ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਆਰਥਿਕ ਸੁਝਾਅ ਦਿੱਤੇ।

ਰਾਘਵ ਚੱਢਾ ਨੇ ਕਿਹਾ ਕਿ ਇਸ ਬਜਟ ਨੇ ਦੇਸ਼ ਦੇ ਹਰ ਵਰਗ ਨੂੰ ਨਿਰਾਸ਼ ਕੀਤਾ ਹੈ। ਭਾਜਪਾ ਸਮਰਥਕ ਵੀ ਇਸ ਬਜਟ ਤੋਂ ਕਾਫ਼ੀ ਨਾਰਾਜ਼ ਹਨ ਕਿਉਂਕਿ ਪਿਛਲੇ 10 ਸਾਲਾਂ 'ਚ ਸਰਕਾਰ ਨੇ ਟੈਕਸ ਲਗਾ ਕੇ ਆਮ ਆਦਮੀ ਦਾ ਖ਼ੂਨ ਚੂਸਿਆ ਹੈ। ਚੱਢਾ ਨੇ ਕਿਹਾ ਕਿ ਦੇਸ਼ ਦੇ ਆਮ ਲੋਕ ਸੋਮਾਲੀਆ ਵਾਂਗ ਸੇਵਾਵਾਂ ਲੈਣ ਲਈ ਇੰਗਲੈਂਡ ਵਾਂਗ ਟੈਕਸ ਅਦਾ ਕਰਦੇ ਹਨ, ਜੇਕਰ ਕੋਈ ਆਮ ਆਦਮੀ 10 ਰੁਪਏ ਕਮਾਉਂਦਾ ਹੈ ਤਾਂ ਸਰਕਾਰ ਉਸ ਵਿੱਚੋਂ ਦੋ-ਤਿੰਨ ਰੁਪਏ ਇਨਕਮ ਟੈਕਸ, ਦੋ- ਢਾਈ ਰੁਪਏ ਜੀਐਸਟੀ ਦੇ ਰੂਪ ਵਿੱਚ ਅਤੇ 1-1.5 ਰੁਪਏ ਸਰਚਾਰਜ ਲਗਾ ਦਿੰਦੀ ਹੈ। ਕੁੱਲ ਮਿਲਾ ਕੇ ਸਰਕਾਰ ਹੀ 7-8 ਰੁਪਏ ਲੈ ਲੈਂਦੀ ਹੈ ਅਤੇ ਇਸ ਦੇ ਬਦਲੇ ਸਰਕਾਰ ਨਾ ਤਾਂ ਲੋਕਾਂ ਨੂੰ ਵਿਸ਼ਵ ਪੱਧਰੀ ਸਿੱਖਿਆ, ਸਿਹਤ ਅਤੇ ਨਾ ਹੀ ਟਰਾਂਸਪੋਰਟ ਦੀਆਂ ਸਹੂਲਤਾਂ ਦਿੰਦੀ ਹੈ, ਫਿਰ ਇੰਨਾ ਟੈਕਸ ਕਿਉਂ?

ਰਾਘਵ ਚੱਢਾ ਨੇ ਲੋਕ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਦੀ ਹਾਰ ਦਾ ਕਾਰਨ ਦੱਸਦੇ ਹੋਏ ਕਿਹਾ ਕਿ ਭਾਜਪਾ ਦੀ ਹਾਰ ਦੇ ਤਿੰਨ ਕਾਰਨ ਹਨ। ਪਹਿਲਾ ਇਕੌਨਮੀ ਹੈ, ਦੂਜਾ ਇਕੌਨਮੀ ਹੈ ਅਤੇ ਤੀਜਾ ਵੀ ਇਕੌਨਮੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀ ਆਰਥਿਕਤਾ ਬਹੁਤ ਮਾੜੀ ਹੈ, ਇਸ ਦਾ ਅਸਰ ਪੇਂਡੂ ਖੇਤਰਾਂ 'ਤੇ ਜ਼ਿਆਦਾ ਪਿਆ ਹੈ। ਇਸ ਲਈ ਪੇਂਡੂ ਖੇਤਰਾਂ ਵਿੱਚ ਭਾਜਪਾ ਦੀਆਂ ਸੀਟਾਂ ਘਟੀਆਂ ਹਨ, ਕਿਉਂਕਿ ਭਾਰਤ ਦੀ 60 ਫ਼ੀਸਦੀ ਤੋਂ ਵੱਧ ਆਬਾਦੀ ਪਿੰਡਾਂ ਵਿੱਚ ਰਹਿੰਦੀ ਹੈ।

ਉਨ੍ਹਾਂ ਕਿਹਾ ਕਿ 2019 ਵਿੱਚ ਭਾਰਤੀ ਜਨਤਾ ਪਾਰਟੀ ਨੂੰ 303 ਸੀਟਾਂ ਮਿਲੀਆਂ ਸਨ।

ਇਸ ਵਾਰ ਦੇਸ਼ ਦੀ ਜਨਤਾ ਨੇ ਉਨ੍ਹਾਂ 'ਤੇ 18 ਫ਼ੀਸਦੀ ਜੀਐਸਟੀ ਲਗਾ ਕੇ 240 ਸੀਟਾਂ 'ਤੇ ਪਹੁੰਚਾ ਦਿੱਤਾ ਹੈ। ਅੱਜ ਮਹਿੰਗਾਈ, ਬੇਰੁਜ਼ਗਾਰੀ, ਆਰਥਿਕ ਅਸਮਾਨਤਾ, ਕਿਸਾਨਾਂ ਸਿਰ ਚੜ੍ਹੇ ਕਰਜ਼ੇ, ਖੇਤੀ ਲਾਗਤਾਂ ਅਤੇ ਪੇਂਡੂ ਖੇਤਰਾਂ ਵਿੱਚ ਘੱਟੋ-ਘੱਟ ਸਮਰਥਨ ਮੁੱਲ ਦੀ ਘਾਟ ਕਾਰਨ ਆਰਥਿਕ ਹਾਲਤ ਪਿਛਲੇ ਢਾਈ ਦਹਾਕਿਆਂ ਵਿੱਚ ਸਭ ਤੋਂ ਹੇਠਲੇ ਪੱਧਰ ’ਤੇ ਹੈ, ਜਦੋਂ ਕਿ ਵਾਅਦਾ ਕਿਸਾਨਾਂ ਦੀ ਆਮਦਨ ਨੂੰ ਦੁੱਗਣਾ ਕਰਨ ਅਤੇ ਸਵਾਮੀਨਾਥਨ ਦੀ ਰਿਪੋਰਟ ਅਨੁਸਾਰ



ਐਮਐਸਪੀ ਦੇਣਾ ਸੀ।

ਚੱਢਾ ਨੇ ਕਿਹਾ ਕਿ ਪੇਂਡੂ ਮਜ਼ਦੂਰੀ ਪਿਛਲੇ 25 ਮਹੀਨਿਆਂ ਵਿੱਚ ਘਟੀ ਹੈ। 2014 ਵਿੱਚ ਇੱਕ ਦਿਹਾੜੀਦਾਰ ਮਜ਼ਦੂਰ ਆਪਣੀ ਇੱਕ ਦਿਨ ਦੀ ਮਜ਼ਦੂਰੀ ਨਾਲ 3 ਕਿੱਲੋ ਅਰਹਰ ਦੀ ਦਾਲ ਖ਼ਰੀਦ ਸਕਦਾ ਸੀ, ਅੱਜ ਉਹ ਸਿਰਫ਼ ਡੇਢ ਕਿੱਲੋ ਅਰਹਰ ਦੀ ਦਾਲ ਹੀ ਖ਼ਰੀਦ ਸਕਿਆ ਹੈ। ਜਿਸ ਦਾ ਮਤਲਬ ਹੈ ਕਿ ਮਹਿੰਗਾਈ ਵਧ ਰਹੀ ਹੈ ਅਤੇ ਉਸਦੀ ਆਮਦਨ ਵੀ ਘੱਟ ਰਹੀ ਹੈ। ਇਸ ਲਈ ਪੇਂਡੂ ਖੇਤਰਾਂ ਵਿੱਚ ਭਾਜਪਾ ਦਾ ਵੋਟ ਸ਼ੇਅਰ 5% ਘਟਿਆ ਹੈ।

ਚੋਣਾਂ ਵਿੱਚ ਉਨ੍ਹਾਂ ਦੀ ਦੁਰਦਸ਼ਾ ਦਾ ਦੂਜਾ ਕਾਰਨ ਅਨਾਜ ਦੀ ਮਹਿੰਗਾਈ ਹੈ। ਅੱਜ ਆਟਾ, ਦੁੱਧ, ਚੌਲ, ਦਹੀਂ, ਹਰ ਵਸਤੂ ਦੇ ਭਾਅ ਅਸਮਾਨ ਚੜ੍ਹ ਗਏ ਹਨ। ਅੱਜ ਦੇਸ਼ ਵਿੱਚ ਅਨਾਜ ਦੀ ਮਹਿੰਗਾਈ ਨੌਂ ਫ਼ੀਸਦੀ ਤੋਂ ਵੱਧ ਵਧ ਗਈ ਹੈ। ਜਿਹੜੀਆਂ ਵਸਤੂਆਂ ਅਸੀਂ ਅੱਜ ਨਿਰਯਾਤ ਕਰਦੇ ਹਾਂ ਉਹ ਬਹੁਤ ਮਹਿੰਗੀਆਂ ਹੋ ਗਈਆਂ ਹਨ ਅਤੇ ਕਿਸਾਨਾਂ ਨੂੰ ਉਨ੍ਹਾਂ ਦਾ ਲਾਭ ਵੀ ਨਹੀਂ ਮਿਲਦਾ। ਫਿਰ ਉਹ ਸਾਰਾ ਪੈਸਾ ਕਿੱਥੇ ਜਾ ਰਿਹਾ ਹੈ?

ਉਨ੍ਹਾਂ ਨੇ ਆਰਥਿਕਤਾ ਨੂੰ ਲੈ ਕੇ ਸਰਕਾਰ ਨੂੰ ਕਈ ਸੁਝਾਅ ਵੀ ਦਿੱਤੇ।

ਪਹਿਲਾ ਸੁਝਾਅ ਇਹ ਹੈ ਕਿ ਸਰਕਾਰ ਮਹਿੰਗਾਈ ਨੂੰ ਘੱਟੋ-ਘੱਟ ਮਜ਼ਦੂਰੀ ਨਾਲ ਜੋੜਨ ਦਾ ਯਤਨ ਕਰੇ ਤਾਂ ਜੋ ਗ਼ਰੀਬ ਲੋਕਾਂ ਨੂੰ ਮਹਿੰਗਾਈ ਤੋਂ ਰਾਹਤ ਮਿਲ ਸਕੇ।

ਦੂਸਰਾ ਸੁਝਾਅ- ਕਿਸਾਨਾਂ ਨੂੰ ਮਿਲਣ ਵਾਲੀਆਂ ਫ਼ਸਲਾਂ ਦੇ ਭਾਅ ਦੀ ਬਿਹਤਰ ਤਰੀਕੇ ਨਾਲ ਸਮੀਖਿਆ ਕੀਤੀ ਜਾਵੇ ਤਾਂ ਜੋ ਖੇਤੀ ਲਾਹੇਵੰਦ ਹੋ ਸਕੇ ਅਤੇ ਤੀਸਰਾ- ਕਿਸਾਨਾਂ ਦੀ ਆਰਥਿਕ ਤੰਦਰੁਸਤੀ ਲਈ ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਦਿੱਤੀ ਜਾਵੇ।

ਚੌਥਾ, ਉਨ੍ਹਾਂ ਨੇ ਸੁਝਾਅ ਦਿੱਤਾ ਕਿ ਲੌਂਗ ਟਰਮ ਕੈਪੀਟਲ ਗੇਨ ਟੈਕਸ ਨੂੰ ਪਹਿਲਾਂ ਵਾਂਗ ਹੀ ਛੱਡ ਦੇਣਾ ਚਾਹੀਦਾ ਹੈ, ਨਹੀਂ ਤਾਂ ਇਸ ਦਾ ਰੀਅਲ ਅਸਟੇਟ ਸੈਕਟਰ 'ਤੇ ਮਾੜਾ ਪ੍ਰਭਾਵ ਪਵੇਗਾ। ਇਸ ਕਾਰਨ ਲੋਕਾਂ ਲਈ ਨਵਾਂ ਮਕਾਨ ਖਰੀਦਣਾ ਔਖਾ ਹੋ ਜਾਵੇਗਾ ਅਤੇ ਬਿਲਡਰ ਨੂੰ ਵੀ ਨੁਕਸਾਨ ਉਠਾਉਣਾ ਪਵੇਗਾ। ਇਸ ਦੇ ਲਈ ਚੱਢਾ ਨੇ ਇੱਕ ਉਦਾਹਰਣ ਵੀ ਦਿੱਤੀ ਅਤੇ ਦੱਸਿਆ ਕਿ ਨਵੀਂ ਟੈਕਸ ਪ੍ਰਣਾਲੀ ਕਿਸ ਤਰ੍ਹਾਂ ਨੁਕਸਾਨਦੇਹ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਰੀਅਲ ਅਸਟੇਟ ਸੈਕਟਰ ਵਿੱਚ ਵੱਡੀ ਮਾਤਰਾ ਵਿੱਚ ਕਾਲਾ ਧਨ ਆਵੇਗਾ ਅਤੇ ਧੋਖਾਧੜੀ ਹੋਵੇਗੀ।

ਪੰਜਵਾਂ ਸੁਝਾਅ ਵਿੱਤੀ ਬੱਚਤਾਂ, ਖਾਸ ਤੌਰ 'ਤੇ ਇਕੁਇਟੀ, ਮਿਉਚੁਅਲ ਫ਼ੰਡ, ਬੈਂਕ ਡਿਪਾਜ਼ਿਟ ਅਤੇ ਵਿੱਤੀ ਨਿਵੇਸ਼ ਆਦਿ ਨੂੰ ਉਤਸ਼ਾਹਿਤ ਕਰਨਾ ਹੈ ਜੋ ਲੋਕ ਦੋ ਤੋਂ ਤਿੰਨ ਸਾਲਾਂ ਤੋਂ ਵੱਧ ਸਮੇਂ ਲਈ ਕਰਦੇ ਹਨ। ਛੇਵਾਂ ਸੁਝਾਅ ਹੈ ਕਿ ਜੀਐਸਟੀ ਦੀ ਸਮੀਖਿਆ ਕੀਤੀ ਜਾਣੀ ਚਾਹੀਦੀ ਹੈ। ਐਮਐਸਐਮਈ ਸੈਕਟਰ ਨਾਲ ਸਬੰਧਿਤ ਵਸਤੂਆਂ 'ਤੇ ਘੱਟ ਜੀਐਸਟੀ ਲਗਾਇਆ ਜਾਣਾ ਚਾਹੀਦਾ ਹੈ ਅਤੇ ਐਫਐਮਸੀਜੀ ਵਸਤੂਆਂ ਤੋਂ ਜੀਐਸਟੀ ਹਟਾਇਆ ਜਾਣਾ ਚਾਹੀਦਾ ਹੈ।

ਸੱਤਵਾਂ, ਰਾਜਾਂ ਨਾਲ ਫੰਡਾਂ ਦੇ ਮਾਮਲੇ ਵਿੱਚ ਵਿਤਕਰਾ ਨਹੀਂ ਕੀਤਾ ਜਾਣਾ ਚਾਹੀਦਾ। ਜਿਸ ਤਰ੍ਹਾਂ ਇਸ ਵਾਰ ਬਿਹਾਰ ਅਤੇ ਆਂਧਰਾ ਪ੍ਰਦੇਸ਼ ਨੂੰ ਵਿਸ਼ੇਸ਼ ਪੈਕੇਜ ਦਿੱਤਾ ਗਿਆ ਅਤੇ ਹੋਰ ਰਾਜਾਂ ਨੂੰ ਵੀ ਝੁਨਝੁਨਾ ਫੜਾ ਦਿੱਤਾ ਗਿਆ, ਉਹ ਸੰਘਵਾਦ ਲਈ ਠੀਕ ਨਹੀਂ ਹੈ। ਕੇਂਦਰ ਸਰਕਾਰ ਨੂੰ 'ਵਿਤਕਰੇਵਾਦੀ ਸੰਘਵਾਦ' ਵਾਂਗ ਨਹੀਂ ਸਗੋਂ 'ਸਹਿਕਾਰੀ ਸੰਘਵਾਦ' ਵਾਂਗ ਕੰਮ ਕਰਨਾ ਚਾਹੀਦਾ ਹੈ।

ਅੱਠਵਾਂ - ਸਰਕਾਰ ਦੁਆਰਾ ਸੈੱਸ ਅਤੇ ਸਰਚਾਰਜ ਨੂੰ ਘਟਾਇਆ ਜਾਣਾ ਚਾਹੀਦਾ ਹੈ ਜਾਂ ਇਹ ਰਾਜਾਂ ਨੂੰ ਵੀ ਦਿੱਤਾ ਜਾਣਾ ਚਾਹੀਦਾ ਹੈ। ਵਰਤਮਾਨ ਵਿੱਚ, ਕੇਂਦਰ ਸਰਕਾਰ ਨੂੰ ਰਾਜਾਂ ਨਾਲ ਸੈੱਸ ਅਤੇ ਸਰਚਾਰਜ ਦਾ ਪੈਸਾ ਸਾਂਝਾ ਕਰਨ ਦੀ ਲੋੜ ਨਹੀਂ ਹੈ, ਇਸ ਲਈ ਸਰਕਾਰ ਇਸ ਰਾਹੀਂ ਆਮ ਆਦਮੀ ਤੋਂ ਵੱਧ ਤੋਂ ਵੱਧ ਪੈਸਾ ਇਕੱਠਾ ਕਰਦੀ ਹੈ। ਜੇਕਰ ਕੇਂਦਰ ਸਰਕਾਰ 100 ਰੁਪਏ ਕਮਾਉਂਦੀ ਹੈ ਤਾਂ ਸੈੱਸ ਅਤੇ ਸਰਚਾਰਜ ਰਾਹੀਂ 18 ਰੁਪਏ ਕਮਾ ਲੈਂਦੀ ਹੈ। ਭਾਵ 18 ਫ਼ੀਸਦੀ ਟੈਕਸ ਸਿੱਧਾ ਕੇਂਦਰ ਸਰਕਾਰ ਦੀ ਜੇਬ ਵਿੱਚ ਜਾਂਦਾ ਹੈ। ਆਖ਼ਰੀ ਸੁਝਾਅ ਇਹ ਹੈ ਕਿ ਰਾਜਾਂ ਨੂੰ ਦਿੱਤੀ ਜਾਣ ਵਾਲੀ ਜੀਐਸਟੀ ਗਰਾਂਟ, ਜੋ ਹੁਣ ਰੋਕ ਦਿੱਤੀ ਗਈ ਹੈ, ਨੂੰ ਘੱਟੋ-ਘੱਟ ਪੰਜ ਸਾਲ ਹੋਰ ਵਧਾਇਆ ਜਾਣਾ ਚਾਹੀਦਾ ਹੈ।

## ਟਰੂਡੋ, ਫ੍ਰੀਲੈਂਡ ਅਤੇ ਜਗਮੀਤ ਸਿੰਘ ਨੂੰ ਜਾਨੋਂ ਮਾਰਨ ਦੀ ਧਮਕੀ ਦੇਣ ਦੇ ਮਾਮਲੇ ’ਚ ਦੋ ਵਿਅਕਤੀ ਦੋਸ਼ੀ ਕਰਾਰ

ਬਰੈਂਪਟਨ
ਸਾਂਝੀ ਸੋਚ ਬਿਊਰੋ

ਐਡਮਿੰਟਨ ਅਤੇ ਕੈਲਗਰੀ ਦੇ 2 ਵਿਅਕਤੀਆਂ ‘ਤੇ ਪ੍ਰਧਾਨ ਮੰਤਰੀ ਟਰੂਡੋ, ਉਪ ਪ੍ਰਧਾਨ ਮੰਤਰੀ ਕ੍ਰਿਸਟੀਆ ਫ੍ਰੀਲੈਂਡ ਅਤੇ ਐੱਨ.ਡੀ.ਪੀ. ਆਗੂ ਜਗਮੀਤ ਸਿੰਘ ਨੂੰ ਜਾਨੋਂ ਮਾਰਨ ਦੀ ਧਮਕੀ ਦੇਣ ਦਾ ਦੋਸ਼ ਲੱਗਾ ਹੈ। 10 ਮਈ ਨੂੰ ਮਾਊਂਟੀਜ ਨੂੰ ਸੋਸ਼ਲ ਮੀਡੀਆ ਪਲੇਟਫਾਰਮ ਐਕਸ ‘ਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਜਾਨੋਂ ਮਾਰਨੇ ਦੀ ਧਮਕੀ ਬਾਰੇ ਚੌਕਸ ਕੀਤਾ ਗਿਆ ਸੀ।23 ਸਾਲਾ ਕੈਲਗਰੀ ਨਿਵਾਸੀ ਮੇਸਨ ਜਾਨ ਬੇਕਰ ‘ਤੇ 6 ਜੂਨ ਨੂੰ ਅਪਰਾਧਿਕ ਸੰਹਿਤਾ ਦੀ ਧਾਰਾ 264.1(1) (ਏ) ਦੇ ਉਲਟ ਕਿਸੇ ਵਿਅਕਤੀ ਨੂੰ ਧਮਕੀ ਦੇਣ ਦਾ ਦੋਸ਼ ਲਗਾਇਆ ਗਿਆ ਸੀ।ਇਕ ਵੱਖਰੀ ਜਾਂਚ ‘ਚ ਮਾਊਂਟੀਜ ਨੂੰ 7 ਜੂਨ ਨੂੰ ਪਤਾ



ਚੱਲਿਆ ਕਿ ਯੂਟਿਊਬ ਵਰਤੋਂਕਾਰ ਗੈਰੀ ਬੇਲਜੇਵਿਕ (67) ਨੇ ਟਰੂਡੋ, ਉਪ ਪ੍ਰਧਾਨ ਮੰਤਰੀ ਕ੍ਰਿਸਟੀਆ ਫ੍ਰੀਲੈਂਡ ਅਤੇ ਐੱਨ.ਡੀ.ਪੀ. ਆਗੂ ਜਗਮੀਤ ਸਿੰਘ ਨੂੰ ਜਾਨੋਂ ਮਾਰਨ ਦੀ ਧਮਕੀ ਪੋਸਟ ਕੀਤੀ ਸੀ। ਐਡਮਿੰਟਨ ਦੇ ਬੇਲਜੇਵਿਕ ‘ਤੇ 13 ਜੂਨ ਨੂੰ ਬੇਕਰ ਦੇ ਸਮਾਨ ਦੋਸ਼ ਦੇ ਤਿੰਨ ਮਾਮਲਿਆਂ ਵਿਚ ਦੋਸ਼ ਲਗਾਇਆ ਗਿਆ ਸੀ। ਬੇਕਰ ਅਤੇ ਬੇਲਜੇਵਿਕ ਦੋਵੇਂ ਇਸ ਹਫ਼ਤੇ ਆਪਣੇ-ਆਪਣੇ ਸ਼ਹਿਰਾਂ ਵਿਚ ਅਦਾਲਤ ‘ਚ ਪੇਸ਼ ਹੋਣਗੇ।

Space available for Ad
Contact # +1 (209) 303-1260

## ਕਮਲਾ ਹੈਰਿਸ ਟਰੰਪ ਲਈ ਖੜ੍ਹੀਆਂ ਕਰ ਸਕਦੀ ਹੈ ਮੁਸ਼ਕਿਲਾਂ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਉੱਪ ਰਾਸ਼ਟਰਪਤੀ ਕਮਲਾ ਹੈਰਿਸ ਨੂੰ ਚੋਣ ਮੈਦਾਨ ਛੱਡ ਗਏ ਜੋਅ ਬਾਇਡਨ ਵੱਲੋਂ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਵਜੋਂ ਨਾਮਜ਼ਦ ਕਰਨ ਤੋਂ ਬਾਅਦ ਅਮਰੀਕਾ ਵਿਚ ਰਾਜਸੀ ਦ੍ਰਿਸ਼ ਤੇਜ਼ੀ ਨਾਲ ਬਦਲਦਾ ਨਜ਼ਰ ਆ ਰਿਹਾ ਹੈ। ਕਮਲਾ ਹੈਰਿਸ ਦੀ ਪ੍ਰਸਿੱਧੀ ਦਾ ਗ੍ਰਾਫ਼ ਉੱਪਰ ਚੜ੍ਹ ਰਿਹਾ ਹੈ। ਇਕ ਤਾਜ਼ਾ ਸਰਵੇ ਵਿਚ ਕਿਹਾ ਗਿਆ ਹੈ ਕਿ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਲਈ ਕਮਲਾ ਹੈਰਿਸ ਮੁਸ਼ਕਿਲਾਂ ਖੜ੍ਹੀਆਂ ਕਰ ਸਕਦੀ ਹੈ। ਜੋਅ ਬਾਇਡਨ ਨਾਲ ਬਹਿਸ ਉਪਰੰਤ ਭਰੋਸਾ ਕੀਤਾ ਜਾ ਰਿਹਾ ਹੈ ਕਿ ਟਰੰਪ ਜਿੱਤ ਜਾਣ ਦੀ ਸਥਿਤੀ ਵਿਚ ਹਨ, ਪਰ ਤੇਜ਼ੀ ਨਾਲ ਬਦਲਦੇ ਰਾਜਸੀ ਹਾਲਾਤ ਦੇ ਮੱਦੇਨਜ਼ਰ ਹੁਣ ਉਨ੍ਹਾਂ ਦੀ ਸਥਿਤੀ ਪਹਿਲਾਂ ਵਾਲੀ ਨਹੀਂ ਰਹੀ। ਰਾਈਟਰਜ਼-ਇਪਸੋਸ ਦੇ ਤਾਜ਼ਾ ਸਰਵੇਖਣ ਜੋ 22 ਜੁਲਾਈ ਤੋਂ 23 ਜੁਲਾਈ ਨੂੰ ਕੀਤਾ ਗਿਆ, ਅਨੁਸਾਰ ਹੈਰਿਸ ਰਜਿਸਟਰਡ ਵੋਟਰਾਂ ਦੇ 44 ਫ਼ੀਸਦੀ ਸਮਰਥਨ ਨਾਲ ਟਰੰਪ ਤੋਂ ਅੱਗੇ ਹੈ। ਟਰੰਪ ਨੂੰ 42 ਫ਼ੀਸਦੀ ਵੋਟਰਾਂ ਦਾ ਸਮਰਥਨ ਮਿਲਿਆ ਹੈ। 5



ਫ਼ੀਸਦੀ ਵੋਟਰਾਂ ਨੇ ਕਿਹਾ ਹੈ ਕਿ ਉਹ ਕਿਸੇ ਹੋਰ ਉਮੀਦਵਾਰ ਨੂੰ ਵੋਟ ਪਾਉਣਗੇ। 4 ਫ਼ੀਸਦੀ ਵੋਟਰ ਕਿਸੇ ਵੀ ਉਮੀਦਵਾਰ ਨੂੰ ਵੋਟ ਨਾ ਪਾਉਣ ਦੇ ਹੱਕ ‘ਚ ਹਨ, ਜਦਕਿ 5 ਫ਼ੀਸਦੀ ਨੇ ਕਿਹਾ ਹੈ ਕਿ ਉਹ ਕੁਝ ਨਹੀਂ ਕਹਿ ਸਕਦੇ। ਇਸ ਸਰਵੇ ‘ਚ 3 ਫ਼ੀਸਦੀ ਗਲਤੀ ਦੀ ਸੰਭਾਵਨਾ ਰੱਖੀ ਗਈ ਹੈ। ਇਸ ਸਰਵੇ ਦੀਆਂ ਲੱਭਤਾਂ ਅਨੁਸਾਰ ਹੈਰਿਸ ਤੇਜ਼ੀ ਨਾਲ ਸਾਬਤ ਕਦਮਾਂ ਨਾਲ ਅੱਗੇ ਵਧ ਰਹੀ ਹੈ। ਇਸ ਤੋਂ ਪਹਿਲਾਂ ਜੁਲਾਈ ਵਿਚ ਹੀ ਕੀਤੇ ਇਕ ਸਰਵੇ ‘ਚ ਹੈਰਿਸ ਤੇ ਟਰੰਪ ਨੂੰ ਬਰਾਬਰ 44 ਫ਼ੀਸਦੀ ਵੋਟਰਾਂ ਨੇ ਸਮਰਥਨ ਦਿੱਤਾ ਸੀ, ਜਦਕਿ ਜੂਨ ‘ਚ ਕੀਤੇ ਸਰਵੇ ਵਿਚ ਟਰੰਪ ਨੂੰ 1 ਫ਼ੀਸਦੀ ਬੜ੍ਹਤ ਹਾਸਲ ਸੀ। ਇਸੇ ਦੌਰਾਨ ਵੱਖ-ਵੱਖ ਸੂਤਰਾਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਕਮਲਾ ਹੈਰਿਸ ਨੇ ਡੈਮੋਕ੍ਰੇਟਿਕ ਨੈਸ਼ਨਲ ਕਨਵੈਨਸ਼ਨ ਲਈ ਲੋੜੀਂਦੇ ਡੈਲੀਗੇਟਾਂ ਦਾ ਸਮਰਥਨ ਪ੍ਰਾਪਤ ਕਰ ਲਿਆ ਹੈ ਤੇ ਉਸ ਨੂੰ ਅਗਲੇ ਮਹੀਨੇ ਪਾਰਟੀ ਵਲੋਂ ਰਾਸ਼ਟਰਪਤੀ ਅਹੁਦੇ ਲਈ ਉਮੀਦਵਾਰ ਐਲਾਨ ਦਿੱਤਾ ਗਿਆ। ਡੈਲੀਗੇਟਾਂ ਬਾਰੇ ਏ.ਪੀ. ਵੱਲੋਂ ਕੀਤੇ ਇਕ ਸਰਵੇ ਵਿਚ ਕਿਹਾ ਗਿਆ ਹੈ ਕਿ ਹੈਰਿਸ ਨੂੰ 2538 ਡੈਲੀਗੇਟਾਂ ਦਾ ਸਮਰਥਨ ਹਾਸਲ ਹੈ, ਜਦਕਿ ਉਸ ਨੂੰ ਪਾਰਟੀ ਉਮੀਦਵਾਰ ਬਣਨ ਲਈ 1976 ਡੈਲੀਗੇਟਾਂ ਦੀ ਲੋੜ ਹੈ। ਡੈਮੋਕਰੇਟਿਕ ਨੈਸ਼ਨਲ ਕਮੇਟੀ ਦੇ ਚੇਅਰਮੈਨ ਜੈਮ ਹੈਰੀਸਨ ਨੇ ਕਿਹਾ ਕਿ ਪਾਰਟੀ ਵੱਲੋਂ ਰਾਸ਼ਟਰਪਤੀ ਲਈ ਉਮੀਦਵਾਰ ਦਾ ਐਲਾਨ 7 ਅਗਸਤ ਤੱਕ ਕਰ ਦਿੱਤਾ ਜਾਵੇਗਾ।



# GINNY BEDI LAW PC



Ginny Bedi Attorney

- ★ Immigration
- ★ Divorce
- ★ Custody and Support issues
- ★ Business Disputes
- ★ Living Trusts
- ★ Criminal Matters
- ★ Misdemeanors
- ★ DUI

ਤੁਸੀਂ ਸਾਡੇ ਨਾਲ ਪੰਜਾਬੀ ਵਿੱਚ ਗੱਲਬਾਤ ਕਰ ਸਕਦੇ ਹੋ।

255 N Market St Ste 150 San Jose CA 95110

Tel: (408) 800-0242 Fax: (408) 800-0240, Mobile: (408) 802-2501

Email: ginny@ginnybedilaw.com Web: www.ginnybedilaw.com


IAPW
INTERNATIONAL ASSOCIATION of PUNJABI WOMEN
26TH ANNUAL
ONE N ONE ONLY
YUBA CITY
HARMANDEEP KAUR
GUEST APPEARANCE
SURLEENA SINGH
AND TEAM SANGEET BY
SAKHIYAN FROM CANADA
GUEST APPEARANCE
SHIPRA GOYAL
TEEYAN DA Mela
TIME: 11AM TO 7PM
YUBA SUTTER FAIR GROUNDS
442 FRANKLIN AVEYUBA CITY, CA 95991
SEPT 1ST 2024
(SUNDAY BEFORE LABORDAY)
$10 MANDATORY RAFFLE
ENTRY TICKET AT THE GATE
FOR PARTICIPATION, BOOTH BOOKINGS
N SPONSORSHIP, PLEASE CONTACT
CALL : (530) 845-4800
JOT RANJIT KAUR
(HOST)
PARM TAKHAR
(HOST)





RE/MAX® EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

# ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



## Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
**ਫੋਨ : (559) 653-8130, 774-243-4154**

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

# ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ




## e-Baba Entertainment App ਨੂੰ Download ਕਰੋ।

ਹੁਣ ਕਿਸੇ ਵੀ Company ਦੇ ਬਣੇ Android TV 'ਚ **eBaba App** ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ
ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਸਿਹਤ ਵਿਭਾਗ ਵੱਲੋਂ ਅਨਾਊਂਸਮੈਂਟ ਰਾਹੀਂ ਡੇਂਗੂ ਅਤੇ ਮਲੇਰੀਏ ਤੋਂ ਬਚਾਅ ਲਈ ਲੋਕਾਂ ਨੂੰ ਕੀਤਾ ਜਾ ਰਿਹੈ ਜਾਗਰੂਕ



**ਮਾਨਸਾ ਸਾਂਝੀ ਸੋਚ ਬਿਊਰੋ**

ਸਿਹਤ ਵਿਭਾਗ ਵੱਲੋਂ ਰਾਸ਼ਟਰੀ ਡੇਂਗੂ ਦਿਵਸ ਮੌਕੇ ਮੁਨਿਆਦੀ ਕਰਵਾ ਕੇ ਡੇਂਗੂ ਦੇ ਲੱਛਣ ਅਤੇ ਰੋਕਥਾਮ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ. ਹਰਦੇਵ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਵੱਖ ਵੱਖ ਥਾਵਾਂ 'ਤੇ ਡੇਂਗੂ ਬਾਰੇ ਜਾਗਰੂਕ ਕਰਨ ਹਿੱਤ ਅਨਾਊਂਸਮੈਂਟ ਕਰਵਾਈ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਡੇਂਗੂ ਬੁਖ਼ਾਰ ਏਡੀਜ਼ਜਿਪਟੀ ਮੱਛਰ ਦੇ ਕੱਟਣ ਨਾਲ ਫੈਲਦਾ ਹੈ, ਇਹ ਮੱਛਰ ਦਿਨ ਦੀ ਰੋਸ਼ਨੀ ਵੇਲੇ ਕੱਟਦਾ ਹੈ, ਘਰਾਂ ਵਿੱਚ ਕਿਤੇ ਵੀ ਖੜ੍ਹੇ ਪਾਣੀ ਉੱਤੇ ਮੱਛਰ ਪਨਪਦਾ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰੀਆ ਡੇਂਗੂ ਦਿਵਸ ਮਨਾਉਣ ਦਾ ਮੁੱਖ ਮਕਸਦ ਲੋਕਾਂ ਨੂੰ ਡੇਂਗੂ ਪ੍ਰਤੀ ਜਾਗਰੂਕ ਕਰਨਾ ਹੈ। ਬਰਸਾਤ ਦਾ ਮੌਸਮ ਸ਼ੁਰੂ ਹੋਣ ਦੇ ਮੌਕੇ 'ਤੇ ਡੇਂਗੂ ਬੁਖ਼ਾਰ ਦਾ ਫੈਲਾਅ ਵੱਧ ਜਾਂਦਾ ਹੈ, ਇਸ ਲਈ ਸਾਨੂੰ ਬਰਸਾਤੀ ਮੌਸਮ ਵਿੱਚ ਆਪਣੇ ਆਲੇ ਦੁਆਲੇ ਅਤੇ ਘਰਾਂ ਵਿਚ ਕਿਤੇ ਵੀ ਪਾਣੀ ਖੜ੍ਹਾ ਨਹੀਂ ਹੋਣ ਦੇਣਾ ਚਾਹੀਦਾ, ਖ਼ਾਸਕਰ ਘਰਾਂ ਵਿੱਚ ਪਏ ਗਮਲੇ, ਖਾਲੀ ਬਰਤਨ, ਟਾਇਰ, ਛੱਤਾਂ 'ਤੇ ਪਏ ਟਾਇਰ ਜਾਂ ਖਾਲੀ ਬਰਤਨ ਆਦਿ ਵਿੱਚ ਪਾਣੀ ਨਾ ਜਮ੍ਹਾਂ ਹੋਣ ਦਿੱਤਾ ਜਾਵੇ, ਕੂਲਰਾਂ ਨੂੰ ਹਫ਼ਤੇ ਵਿੱਚ ਇੱਕ ਵਾਰ ਸਾਫ ਕਰਕੇ ਹਰ ਸ਼ੁੱਕਰਵਾਰ ਡਰਾਈ ਡੇਅ ਦੇ ਤੌਰ 'ਤੇ ਮਨਾਇਆ ਜਾਣਾ ਚਾਹੀਦਾ ਹੈ। ਇਸ ਮੌਕੇ ਅਵਤਾਰ ਸਿੰਘ ਜ਼ਿਲਾ ਪ੍ਰੋਗਰਾਮ ਮੈਨੇਜਰ, ਗੀਤਾ ਰਾਣੀ ਸੀਨੀਅਰ ਸਹਾਇਕ, ਸ਼ਤੋਸ਼ ਭਾਰਤੀ, ਸਟੈਨੋ ਜਸਪ੍ਰੀਤ ਕੌਰ, ਲਲਿਤ ਕੁਮਾਰ ਕਲਰਕ, ਸੰਜੀਵ ਕੁਮਾਰ, ਬਲਜੀਤ ਸਿੰਘ, ਗੁਰਜਿੰਦਰ ਜੀਤ, ਕ੍ਰਿਸ਼ਨ ਕੁਮਾਰ ਵੀ ਹਾਜ਼ਰ ਸਨ।

# ਜ਼ਿਲ੍ਹਾ ਤੇ ਸੈਸ਼ਨ ਜੱਜ, ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਸੀ.ਜੇ.ਐਮ. ਵੱਲੋਂ ਜ਼ਿਲ੍ਹਾ ਜੇਲ੍ਹ ਦਾ ਦੌਰਾ

**ਮਾਨਸਾ ਸਾਂਝੀ ਸੋਚ ਬਿਊਰੋ**



ਸ੍ਰੀ ਐਚ.ਐਸ.ਗਰੇਵਾਲ, ਜ਼ਿਲ੍ਹਾ ਅਤੇ ਸ਼ੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮਾਨਸਾ ਅਤੇ ਸ੍ਰੀ ਅਮਿਤ ਕੁਮਾਰ ਗਰਗ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮਾਨਸਾ ਅਤੇ ਮਿਸ. ਗੁਰਜੀਤ ਕੌਰ ਢਿੱਲੋ, ਸੀ.ਜੇ.ਐਮ, ਮਾਨਸਾ ਵੱਲੋਂ ਜ਼ਿਲ੍ਹਾ ਜੇਲ੍ਹ, ਮਾਨਸਾ ਦਾ ਦੌਰਾ ਕੀਤਾ ਗਿਆ।ਇਸ ਦੌਰਾਨ ਜੱਜ ਸਾਹਿਬਾਨਾਂ ਵੱਲੋਂ ਮੇਲ ਅਤੇ ਫੀਮੇਲ ਬੈਰਕਾਂ, ਲੰਗਰ ਹਾਲ, ਫਰੰਟ ਆਫਿਸ ਅਤੇ ਜੇਲ੍ਹ ਵਿੱਚ ਬਣੇ ਹਸਪਤਾਲ ਦੀ ਚੈਕਿੰਗ ਕੀਤੀ ਗਈ। ਜਿਸ ਦੌਰਾਨ ਜ਼ਿਲ੍ਹਾ ਅਤੇ ਸ਼ੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮਾਨਸਾ, ਸ੍ਰੀ ਐਚ.ਐਸ. ਗਰੇਵਾਲ ਵੱਲੋਂ ਕੈਦੀਆਂ ਨਾਲ ਮੁਲਾਕਾਤ ਕੀਤੀ ਗਈ ਅਤੇ ਉਨ੍ਹਾਂ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾਂ ਸੁਣੀਆਂ। ਉਨ੍ਹਾਂ ਜੇਲ੍ਹ ਅਧਿਕਾਰੀਆਂ ਨੂੰ ਉਕਤ ਪਰੇਸ਼ਾਨੀਆਂ ਦਾ ਹੱਲ ਕਰਨ ਬਾਰੇ ਕਿਹਾ ਅਤੇ ਕੁੱਝ ਸਮੱਸਿਆਵਾਂ ਦਾ ਮੌਕੇ 'ਤੇ ਹੀ ਹੱਲ ਕੀਤਾ ਗਿਆ। ਜੱਜ ਸਾਹਿਬ ਵੱਲੋਂ ਕੈਦੀਆਂ ਅਤੇ ਹਵਾਲਾਤੀਆਂ ਨੂੰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮਾਨਸਾ ਵੱਲੋਂ ਮੁਫ਼ਤ ਕਾਨੂੰਨੀ ਸਹਾਇਤਾ ਦੀਆਂ ਸਕੀਮਾਂ ਤੋਂ ਜਾਣੂ ਕਰਵਾਇਆ ਗਿਆ। ਇਸ ਮੌਕੇ ਜ਼ਿਲ੍ਹਾ ਜੇਲ੍ਹ ਮਾਨਸਾ ਵਿਖੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮਾਨਸਾ ਵੱਲੋਂ ਇੱਕ ਮੈਡੀਕਲ ਚੈੱਕਅੱਪ ਕੈਂਪ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਚਮੜੀ, ਡੈਂਟਲ, ਗਾਇਨਾਕਲੋਜਿਸਟ ਆਦਿ ਦੇ ਮਾਹਿਰ ਡਾਕਟਰਾਂ ਵੱਲੋਂ ਜੇਲ ਵਿੱਚ ਬੰਦ ਕੈਦੀਆਂ ਅਤੇ ਹਵਾਲਾਤੀਆਂ ਦੀ ਜਾਂਚ ਕੀਤੀ ਗਈ। ਜ਼ਿਲ੍ਹਾ ਅਤੇ ਸ਼ੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮਾਨਸਾ ਵੱਲੋਂ ਕੈਦੀਆਂ ਅਤੇ ਹਵਾਲਾਤੀਆਂ ਨਾਲ ਗੱਲਬਾਤ ਕਰਦਿਆਂ ਦੱਸਿਆ ਗਿਆ ਕਿ ਇਸ ਤਰ੍ਹਾਂ ਦੇ ਮੈਡੀਕਲ ਚੈੱਕਅੱਪ ਕੈਂਪ ਭਵਿੱਖ ਵਿੱਚ ਵੀ ਲੱਗਦੇ ਰਹਿਣਗੇ। ਇਸ ਮੌਕੇ ਸ੍ਰੀ ਜਗਜੀਤ ਸਿੰਘ, ਡਿਪਟੀ ਸੁਪਰਡੰਟ, ਜ਼ਿਲ੍ਹਾ ਜੇਲ੍ਹ ਮਾਨਸਾ, ਸ੍ਰੀ ਸੁਖਪਾਲ ਸਿੰਘ, ਅਸਿਸਟੈਂਟ ਜੇਲ੍ਹ ਸੁਪਰਡੰਟ, ਸ੍ਰੀ ਅਨੂ ਮਲਿਕ, ਅਸਿਸਟੈਂਟ ਸੁਪਰਡੰਟ ਜੇਲ੍ਹ ਹਾਜ਼ਰ ਸਨ।

# ਪੱਖੋ ਕਲਾਂ ਦੀਆਂ ਜੋਨਲ ਖੇਡਾਂ ਵਿੱਚ ਦੂਜੇ ਦਿਨ ਹੋਏ ਕਬੱਡੀ ਸਰਕਲ ਦੇ ਮੁਕਾਬਲੇ

**ਜੋਗਾ ਹਰਜੀਤ ਸਿੰਘ ਜੋਗਾ**



ਜੋਨ ਪੱਖੋ ਕਲਾਂ ਦੀਆਂ ਗਰਮ ਰੁੱਤ ਜੋਨਲ ਸਕੂਲ ਖੇਡਾਂ ਦੇ ਦੂਜੇ ਦਿਨ ਅੱਜ ਸਰਕਾਰੀ ਸੈਕੰਡਰੀ ਸਕੂਲ ਪੱਖੋ ਕਲਾਂ ਵਿਖੇ ਕਬੱਡੀ ਸਰਕਲ ਦੇ ਮੁਕਾਬਲੇ ਕਰਵਾਏ ਗਏ। ਖਿਡਾਰੀਆਂ ਦੀ ਹੌਂਸਲਾ ਅਫਜ਼ਾਈ ਕਰਨ ਲਈ ਸਕੂਲ ਮੁਖੀ ਤੇ ਜੋਨਲ ਪ੍ਰਧਾਨ ਅੰਮ੍ਰਿਤਪਾਲ ਸਿੰਘ ਅਤੇ ਲੈਕਚਰਾਰ ਨਿਰਮਲ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਅੱਜ ਕਰਵਾਏ ਗਏ ਕਬੱਡੀ ਸਰਕਲ ਸਟਾਇਲ ਅੰਡਰ 14 ਸਾਲ ਉਮਰ ਵਰਗ (ਲੜਕੇ) ਦੇ ਮੁਕਾਬਲਿਆਂ ਵਿੱਚ ਸਰਕਾਰੀ ਹਾਈ ਸਕੂਲ ਧੂਰਕੋਟ ਨੇ ਪਹਿਲਾ, ਸਰਕਾਰੀ ਸੈਕੰਡਰੀ ਸਕੂਲ ਪੱਖੋ ਕਲਾਂ ਨੇ ਦੂਜਾ ਅਤੇ ਸਰਕਾਰੀ ਸੈਕੰਡਰੀ ਸਕੂਲ ਹੰਡਿਆਇਆ ਨੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਜਦਕਿ ਅੰਡਰ 17 ਸਾਲ (ਲੜਕੇ) ਵਿੱਚ ਸਰਕਾਰੀ ਸੈਕੰਡਰੀ ਸਕੂਲ ਹੰਡਿਆਇਆ ਨੇ ਪਹਿਲਾ, ਸਰਕਾਰੀ ਹਾਈ ਸਕੂਲ ਧੂਰਕੋਟ ਨੇ ਦੂਜਾ ਤੇ ਸਰਕਾਰੀ ਸੈਕੰਡਰੀ ਸਕੂਲ ਪੱਖੋ ਕਲਾਂ ਨੇ ਤੀਜਾ ਸਥਾਨ ਹਾਸਲ ਕੀਤਾ ਹੈ।ਇਸ ਮੌਕੇ ਜੋਨਲ ਪ੍ਰਧਾਨ ਅੰਮ੍ਰਿਤਪਾਲ ਸਿੰਘ, ਲੈਕ. ਨਿਰਮਲ ਸਿੰਘ, ਜੋਨਲ ਸਕੱਤਰ ਅਮਨਦੀਪ ਕੌਰ, ਜਗਰਾਜ ਸਿੰਘ, ਰਣਜੀਤ ਸਿੰਘ, ਜਗਸੀਰ ਸਿੰਘ, ਸੱਤਪਾਲ ਸ਼ਰਮਾ ਧੌਲਾ, ਗੁਰਦੀਪ ਸਿੰਘ ਬੁਰਜਹਰੀ, ਜਸਪ੍ਰੀਤ ਸਿੰਘ, ਪਰਮਜੀਤ ਕੌਰ, ਜਸਪਿੰਦਰ ਕੌਰ, ਹਰਜੀਤ ਸਿੰਘ ਜੋਗਾ ਆਦਿ ਮੌਜੂਦ ਸਨ।

# ਖੋ-ਖੋ 'ਚ ਅਤਲਾ ਕਲਾਂ ਅਤੇ ਰੱਸਾਕਸੀ 'ਚ ਰੱਲਾ ਸਕੂਲ ਦੀਆਂ ਕੁੜੀਆਂ ਮੋਹਰੀ



**ਜੋਗਾ ਹਰਜੀਤ ਸਿੰਘ ਜੋਗਾ**

ਗਰਮ ਰੁੱਤ ਜੋਨਲ ਸਕੂਲ ਖੇਡਾਂ ਦੇ ਚੌਥੇ ਦਿਨ ਅੱਜ ਇੱਥੇ ਕਾਮਰੇਡ ਜੰਗੀਰ ਸਿੰਘ ਜੋਗਾ ਸਰਕਾਰੀ ਸੈਕੰਡਰੀ ਸਕੂਲ (ਲੜਕੇ) ਵਿਖੇ ਲੜਕੀਆਂ ਦੇ ਖੋ-ਖੋ ਦੇ ਮੁਕਾਬਲੇ ਕਰਵਾਏ ਗਏ। ਖਿਡਾਰੀਆਂ ਦੀ ਹੌਂਸਲਾ ਅਫਜ਼ਾਈ ਕਰਨ ਲਈ ਆਦਰਸ਼ ਸਕੂਲ ਭੁਪਾਲ ਦੇ ਪ੍ਰਿੰਸੀਪਲ ਅਮਰਨਦੀਪ ਸਿੰਘ, ਗਲੋਬਲ ਅਕੈਡਮੀ ਅਕਲੀਆ ਦੇ ਪ੍ਰਿੰਸੀਪਲ ਰਾਜ ਕੁਮਾਰ, ਸਕੂਲ ਮੁਖੀ ਪਰਵਿੰਦਰ ਸਿੰਘ ਅਤੇ ਜੋਨ ਪ੍ਰਧਾਨ ਪ੍ਰਿੰਸੀਪਲ ਅਵਤਾਰ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਜੋਨਲ ਸਕੱਤਰ ਵਿਨੋਦ ਕੁਮਾਰ ਦੱਸਿਆ ਕਿ ਅੱਜ ਹੋਏ ਲੜਕੀਆਂ ਦੇ ਖੋ-ਖੋ ਅੰਡਰ 14 ਸਾਲ ਵਿੱਚ ਸਸਸਸ ਅਤਲਾ ਕਲਾਂ ਨੇ ਪਹਿਲਾ, ਸਹਸ ਭੁਪਾਲ ਨੇ ਦੂਜਾ ਤੇ ਸਸਸਸ ਉੱਭਾ-ਬੁਰਜ ਢਿੱਲਵਾਂ ਨੇ ਤੀਜਾ, ਅੰਡਰ 17 ਸਾਲ ਵਿੱਚ ਸਸਸਸ ਅਤਲਾ ਕਲਾਂ ਨੇ ਪਹਿਲਾ, ਸਸਸਸ ਉੱਭਾ-ਬੁਰਜ ਢਿੱਲਵਾਂ ਨੇ ਦੂਜਾ ਤੇ ਸਸਸਸ ਰੱਲਾ (ਕੁ) ਨੇ ਤੀਜਾ ਸਥਾਨ ਹਾਸਲ ਕੀਤਾ। ਰੱਸਾਕਸੀ ਅੰਡਰ 17 ਸਾਲ (ਲੜਕੀਆਂ) ਵਿੱਚੋਂ ਸਸਸ ਰੱਲਾ (ਕੁ) ਨੇ ਪਹਿਲਾ, ਗੁਰਕੁਲ ਅਕੈਡਮੀ ਉੱਭਾ ਨੇ ਦੂਜਾ ਤੇ ਗਲੋਬਲ ਅਕੈਡਮੀ ਅਕਲੀਆ ਨੇ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਸਰਬਜੀਤ ਕੌਰ ਲੈਕਚਰਾਰ, ਜਸਵਿੰਦਰ ਕੌਰ ਲੈਕਚਰਾਰ, ਵੀਰਪਾਲ ਕੌਰ, ਪਾਲਾ ਸਿੰਘ ਭੀਖੀ, ਸਮਰਜੀਤ ਸਿੰਘ ਬੱਬੀ, ਅਵਤਾਰ ਸਿੰਘ, ਦਰਸ਼ਨ ਸਿੰਘ, ਜਗਸੀਰ ਸਿੰਘ ਝੱਬਰ, ਮਨਜੀਤ ਸਿੰਘ ਜਟਾਣਾ, ਗੁਰਜੀਤ ਸਿੰਘ, ਗੁਰਲਾਭ ਸਿੰਘ, ਰਵੀ ਸਿੰਘ, ਰਾਜਨਦੀਪ ਸਿੰਘ, ਮਨਪ੍ਰੀਤ ਸਿੰਘ, ਕਮਲਦੀਪ ਸਿੰਘ, ਗੁਰਜਿੰਦਰ ਸਿੰਘ, ਗੁਰਜੰਟ ਸਿੰਘ, ਦਲਵੀਰ ਸਿੰਘ, ਰਾਜਦੀਪ ਸਿੰਘ, ਬਲਦੇਵ ਸਿੰਘ, ਮਨਦੀਪ ਸਿੰਘ, ਬਲਵਿੰਦਰ ਸਿੰਘ, ਗਗਨਦੀਪ ਕੌਰ, ਅਮਨਦੀਪ ਕੌਰ, ਕਰਮਜੀਤ ਕੌਰ, ਰਮਨਦੀਪ ਕੌਰ, ਜੱਗਾ ਸਿੰਘ ਕੈਂਪਸ ਮੈਨੇਜਰ ਅਤਲਾ ਕਲਾਂ ਆਦਿ ਹਾਜ਼ਰ ਸਨ।

# ਖੇਤੀਬਾੜੀ ਵਿਭਾਗ ਵੱਲੋਂ ਹਾਈਬ੍ਰਿਡ ਨਰਮੇ ਦਾ ਬੀਜ ਵੇਚਣ ਵਾਲੀਆਂ 09 ਫਰਮਾਂ ਦੇ ਲਾਇਸੰਸ ਕੀਤੇ ਰੱਦ

**ਮਾਨਸਾ ਸਾਂਝੀ ਸੋਚ ਬਿਊਰੋ**

ਗੁਰਮੀਤ ਸਿੰਘ ਖੁੱਡੀਆਂ, ਖੇਤੀਬਾੜੀ ਮੰਤਰੀ, ਪੰਜਾਬ ਅਤੇ ਜਸਵੰਤ ਸਿੰਘ ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾ ਤਹਿਤ ਘਟੀਆ ਬੀਜਾਂ ਦੇ ਸਬੰਧ ਵਿੱਚ ਵੱਡੀ ਕਾਰਵਾਈ ਕਰਦੇ ਹੋਏ ਮੁੱਖ ਖੇਤੀਬਾੜੀ ਅਫਸਰ ਹਰਵਿੰਦਰ ਸਿੰਘ ਨੇ ਹਾਈਬ੍ਰਿਡ ਨਰਮੇ ਦਾ ਬੀਜ ਵੇਚਣ ਵਾਲੀਆਂ 09 ਫਰਮਾਂ ਦੇ ਬੀਜ ਲਾਇਸੰਸ ਰੱਦ ਕਰ ਦਿੱਤੇ ਹਨ। ਮੁੱਖ ਖੇਤੀਬਾੜੀ ਅਫ਼ਸਰ ਨੇ ਦੱਸਿਆ ਕਿ ਨਰਮੇ ਦੇ ਬੀਜਾਂ ਦੇ 11 ਸੈਂਪਲ ਟੈਸਟ ਲਈ ਬੀਜ ਪਰਖ ਪ੍ਰਯੋਗਸ਼ਾਲਾ ਵਿਖੇ ਭੇਜੇ ਗਏ ਸਨ। ਇਹ ਸੈਂਪਲ ਟੈਸਟਿੰਗ ਦੌਰਾਨ ਫੇਲ ਪਾਏ ਗਏ। ਉਨ੍ਹਾਂ ਦੱਸਿਆ ਕਿ ਸਬੰਧਤ ਫਰਮਾਂ 'ਤੇ ਸੀਡ ਐਕਟ 1966 ਦੀ ਧਾਰਾ 6 ਅਤੇ 7 (ਬੀ) ਸੀਡ ਰੂਲ 1968 ਦੀ ਧਾਰਾ 7, 8, 9, 10 ਅਤੇ 13 ਸੀਡ (ਕੰਟਰੋਲ) ਆਰਡਰ 1983 ਦੀ ਧਾਰਾ 2 (1) ਤਹਿਤ ਸਬੰਧਤ 09 ਫਰਮਾਂ ਦੇ ਲਾਇਸੰਸ ਰੱਦ ਕੀਤੇ ਗਏ ਅਤੇ ਸਬੰਧਤ ਕੰਪਨੀਆਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਮਿਆਰੀ ਖੇਤੀ ਸਮੱਗਰੀ ਮੁਹੱਈਆ ਕਰਵਾਉਣੀ ਵਿਭਾਗ ਦੀ ਮੁੱਖ ਜ਼ਿੰਮੇਵਾਰੀ ਹੈ, ਜਿਸ ਤਹਿਤ ਇਹ ਮੁਹਿੰਮ ਲਗਾਤਾਰ ਜਾਰੀ ਰਹੇਗੀ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਖੇਤੀ ਸਮੱਗਰੀ (ਬੀਜ, ਖਾਦ, ਕੀਟਨਾਸ਼ਕ) ਆਦਿ ਖਰੀਦਣ ਸਮੇਂ ਫਰਮ ਤੋਂ ਪੱਕਾ ਬਿੱਲ ਲਿਆ ਜਾਵੇ ਤਾਂ ਜੋ ਲੋੜ ਪੈਣ 'ਤੇ ਵਿਭਾਗੀ ਕਾਰਵਾਈ ਕੀਤੀ ਜਾ ਸਕੇ।

# ਪਾਸਪੋਰਟ ਰੈਂਕਿੰਗ 'ਚ ਪਾਕਿਸਤਾਨ ਦਾ ਪ੍ਰਦਰਸ਼ਨ ਰਿਹਾ ਸਭ ਤੋਂ ਖਰਾਬ

**ਮਾਨਸਾ ਸਾਂਝੀ ਸੋਚ ਬਿਊਰੋ**

ਪਾਸਪੋਰਟ ਇੰਡੈਕਸ ਜਾਰੀ ਕਰਨ ਵਾਲੀ ਸੰਸਥਾ ਹੈਨਲੇ ਐਂਡ ਪਾਰਟਨਰਜ਼ ਦੀ ਰੈਂਕਿੰਗ 'ਚ ਪਾਕਿਸਤਾਨ ਦਾ ਪ੍ਰਦਰਸ਼ਨ ਸਭ ਤੋਂ ਖਰਾਬ ਰਿਹਾ। ਇਸ ਰੈਂਕ 'ਚ ਏਸ਼ੀਆਈ ਦੇਸ਼ ਸਿੰਗਾਪੁਰ ਦਾ ਪਾਸਪੋਰਟ ਸਭ ਤੋਂ ਸ਼ਕਤੀਸ਼ਾਲੀ ਹੈ, ਜਦਕਿ ਭਾਰਤ ਨੇ ਇਸ ਸੂਚੀ 'ਚ 82ਵਾਂ ਸਥਾਨ ਹਾਸਲ ਕੀਤਾ ਹੈ, ਜੋ ਪਿਛਲੇ ਸਾਲ ਨਾਲੋਂ ਬਿਹਤਰ ਹੈ। ਰਿਪੋਰਟਾਂ ਮੁਤਾਬਕ ਪਾਕਿਸਤਾਨੀ ਪਾਸਪੋਰਟ ਨੇ ਲਗਾਤਾਰ ਚੌਥੇ ਸਾਲ ਸਭ ਤੋਂ ਖ਼ਰਾਬ ਸਥਾਨ ਬਰਕਰਾਰ ਰੱਖਿਆ ਹੈ ਅਤੇ ਪਾਕਿਸਤਾਨ ਨੂੰ ਦੁਨੀਆਂ ਦਾ ਚੌਥਾ ਸਭ ਤੋਂ ਕਮਜ਼ੋਰ ਪਾਸਪੋਰਟ ਬਣਾਇਆ ਗਿਆ ਹੈ। ਪਾਕਿਸਤਾਨ ਦਾ ਪਾਸਪੋਰਟ 100ਵੇਂ ਨੰਬਰ 'ਤੇ ਹੈ। ਜਾਣਕਾਰੀ ਲਈ ਦੱਸ ਦਈਏ ਕਿ 2023 'ਚ ਪਾਕਿਸਤਾਨ ਦਾ ਪਾਸਪੋਰਟ ਦੁਨੀਆਂ 'ਚ 106ਵੇਂ ਨੰਬਰ 'ਤੇ ਸੀ। 2023 'ਚ ਪਾਕਿਸਤਾਨੀ ਪਾਸਪੋਰਟ 'ਤੇ ਬਿਨਾਂ ਵੀਜ਼ੇ ਦੇ ਸਿਰਫ 32 ਦੇਸ਼ਾਂ ਦਾ ਦੌਰਾ ਕੀਤਾ ਜਾ ਸਕਦਾ ਸੀ, ਪਰ ਹੁਣ ਕੋਈ ਵੀ 33 ਦੇਸ਼ਾਂ ਦਾ ਦੌਰਾ ਕਰ ਸਕਦਾ ਹੈ। ਸੂਚਕਾਂਕ 199 ਦੇਸ਼ਾਂ ਦੇ ਯਾਤਰਾ ਦਸਤਾਵੇਜ਼ਾਂ ਦੀ ਗਿਣਤੀ ਦੇ ਆਧਾਰ 'ਤੇ ਉਨ੍ਹਾਂ ਦੇ ਉਪਭੋਗਤਾਵਾਂ ਨੂੰ ਬਿਨਾਂ ਵੀਜ਼ਾ ਦੇ ਜਾ ਸਕਦੇ ਹਨ।

Now Open New Banquet Hall in Sacramento
For more info: Contact Paul : (916)334-6000




SONNY
DHALIWAL
for SUPERVISOR
EXPERIENCED LEADERSHIP YOU CAN TRUST
Paid for by Sonny Dhaliwal for County Supervisor 2024 FPPC#1459023


SAI JEWELERS
Making Every
Occassion Beautiful
30 ਸਾਲ ਤੋਂ ਵੱਧ ਦਾ ਤਜ਼ਰਬਾ | 3 ਪੀੜ੍ਹੀਆਂ ਤੋਂ ਕਰ ਰਹੇ ਗਹਿਣਿਆਂ ਦਾ ਕੰਮ
ਹਰ ਤਰ੍ਹਾਂ ਦੇ ਸੋਨੇ ਤੇ ਚਾਂਦੀ ਦੇ ਮਨਪਸੰਦ ਗਹਿਣੇ ਖ਼ਰੀਦੋ
ਗਹਿਣੇ ਪਾਲਿਸ਼ ਜਾਂ Repair ਕਰਵਾਓ
Exchange & Trade of
Jewellery Available
ਸਾਡੇ ਕੋਲ Gold ਤੇ Silver ਦੇ ਸਿੱਕੇ ਵੀ ਮਿਲਦੇ ਹਨ
Diamond Jewellery ਵਿਚ ਵੀ ਕਰਦੇ ਹਾਂ DEAL
ਤੁਸੀਂ ਸਾਡੇ ਕੋਲੋਂ ਗਹਿਣੇ Exchange ਵੀ ਕਰਵਾ ਸਕਦੇ ਹੋ
(ਅਸੀਂ ਪੁਰਾਣੇ ਗਹਿਣੇ ਲੈਕੇ ਨਵੇਂ ਗਹਿਣੇ ਦਿੰਦੇ ਹਾਂ )
Open : Tuesday -Sunday | 11:00 AM- 6:00 PM
Monday Available -By Call -ON APPPOINTMENTS
Visit our Store to Explore New Designs
ਵਧੇਰੇ ਜਾਣਕਾਰੀ ਲਈ ਕਾਲ ਕਰੋ :
ਧਰਮ ਚੌਹਾਨ -(209) 678-6600 | ਸਟੋਰ ਨੰਬਰ -(209) 408-8553
ADDRESS : 2900, Standiford Ave Ste, 16 B Modesto CA 95350


ARCPOINT LABS
OF MANTECA
Accurate, Reliable, Confidential Testing.
ਸਾਡੀਆਂ ਸੇਵਾਵਾਂ :
DOT ਦੇ Drug ਤੇ Alcohal Testing
Pre- Employment Testing | Physicals
Hair & Nail Testing |Immigration DNA
Paternity & Relationship DNA
Health Checkups ਜਿਵੇਂ :
Cholestrol Test
Heart Health
Thyroid Test
Diabetes Test
Food Allergy
Vitamin & Nutrient Test
ਆਪਣੇ ਹੋਣ ਵਾਲੇ Baby ਦਾ Gender ਜਾਣੋ 6 Weeks ਵਿੱਚ
BOY? or GIRL?
ਵਧੇਰੇ ਜਾਣਕਾਰੀ ਲਈ ਕਾਲ ਕਰੋ :
(209) 629-8282 |(209) 505-6384
Address : 119. Maple AVe, Suite A Manteca, CA 95336




ਕੈਲੀਫੋਰਨੀਆ ਦੀ ਕਿਸੇ ਵੀ ਲੋਕੇਸ਼ਨ ਤੇ ਜਾਓ

ਟਰੱਕ ਅਤੇ ਟ੍ਰੇਲਰ ਚਮਕਾਓ ਸਸਤੇ ਅਤੇ ਵਾਜਬ ਰੇਟਾਂ ਉੱਤੇ

Our Locations :-

Delhi | Merced | Madera | Santa Nella
Tracy | San Fransisco | Corning

Old Truck Stop Gemco Ripon Next to Flying J, Santos Ave ਦੇ ਉੱਤੇ




Find nearest Location & Hours

Call at 1800-405-9274 or visit our website for credit application to open credit account with our company

ਸਾਡੀਆਂ ਰਿਪਨ ਵਾਲੀਆਂ ਲੋਕੇਸ਼ਨਾਂ ਤੇ ਅਸੀਂ ਟੈਂਕਰ ਜੋ ਕੇ food Grade ਹਨ
ਉਹਨਾਂ ਨੂੰ ਅੰਦਰੋਂ ਧੋਂਦੇ ਹਾਂ ਅਤੇ Certified ਕਰਦੇ ਅਤੇ ਕੋਸ਼ਰ ਵਾਸ਼ ਵੀ ਕਰਦੇ ਹਾਂ

Tire Shop, Repair Shop, Oil & Lube Shop available on our locations

Website:- www.aaatruckwash.com

# ਹਰ ਵਾਰ ਦੀ ਤਰ੍ਹਾਂ ਉਤਸ਼ਾਹ ਨਾਲ ਮਨਾਇਆ ਜਾਵੇਗਾ ਆਜ਼ਾਦੀ ਦਿਹਾੜਾ- ਡਿਪਟੀ ਕਮਿਸ਼ਨਰ

ਮਾਨਸਾ
ਸਾਂਝੀ ਸੋਚ ਬਿਊਰੋ

ਡਿਪਟੀ ਕਮਿਸ਼ਨਰ ਪਰਮਵੀਰ ਸਿੰਘ ਨੇ 15 ਅਗਸਤ 2024 ਨੂੰ ਮਨਾਏ ਜਾਣ ਵਾਲੇ ਜ਼ਿਲ੍ਹਾ ਪੱਧਰੀ ਆਜ਼ਾਦੀ ਸਮਾਗਮ ਦੇ ਮੱਦੇਨਜ਼ਰ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਾਨਫਰੰਸ ਹਾਲ ਵਿਖੇ ਮੀਟਿੰਗ ਕੀਤੀ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਨਿਰਮਲ ਓਸੇਪਚਨ ਵੀ ਮੌਜੂਦ ਸਨ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਆਜ਼ਾਦੀ ਦਿਹਾੜਾ ਇਸ ਸਾਲ ਵੀ ਸਥਾਨਕ ਸਰਕਾਰੀ ਨਹਿਰੂ ਮੈਮੋਰੀਅਲ ਕਾਲਜ, ਮਾਨਸਾ ਦੇ ਬਹੁਮੰਤਵੀ ਖੇਡ ਸਟੇਡੀਅਮ ਵਿਖੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪੱਧਰੀ ਸਮਾਗਮ ਦਾ ਮੰਤਵ ਆਜ਼ਾਦੀ ਦੇ ਜਸ਼ਨ ਨੂੰ ਤਾਜ਼ਾ ਕਰਨ ਦੇ ਨਾਲ-ਨਾਲ ਆਜ਼ਾਦੀ ਸੰਗਰਾਮ 'ਚ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਮਹਾਨ ਸ਼ਹੀਦਾਂ, ਯੋਧਿਆਂ ਅਤੇ ਆਜ਼ਾਦੀ ਘੁਲਾਈਆਂ ਨੂੰ ਯਾਦ ਕਰਕੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਾ ਹੈ। ਉਨ੍ਹਾਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਆਪੋ-ਆਪਣੀਆਂ ਡਿਊਟੀਆਂ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣ ਅਤੇ ਸਮਾਂ ਰਹਿੰਦਿਆਂ ਜ਼ਿਲ੍ਹਾ ਪੱਧਰੀ ਸਮਾਗਮ ਦੇ ਸਾਰੇ ਪ੍ਰਬੰਧ ਮੁਕੰਮਲ ਕੀਤੇ ਜਾਣ।

ਡਿਪਟੀ ਕਮਿਸ਼ਨਰ ਨੇ ਪੁਲਿਸ ਵਿਭਾਗ ਦੇ ਅਧਿਕਾਰੀਆਂ ਨੂੰ ਆਦੇਸ਼ ਦਿੰਦਿਆਂ ਕਿਹਾ ਕਿ ਆਜ਼ਾਦੀ ਸਮਾਗਮ ਵਿਚ ਆਉਣ ਵਾਲੇ ਲੋਕਾਂ ਲਈ ਟਰੈਫਿਕ ਰੂਟ ਬਣਾਇਆ ਜਾਵੇ ਅਤੇ ਪਾਰਕਿੰਗ ਲਈ ਪਹਿਲਾਂ ਹੀ ਥਾਵਾਂ ਨਿਸ਼ਚਤ ਕੀਤੀਆਂ ਜਾਣ ਤਾਂ ਜੋ ਕਿਸੇ ਵੀ ਤਰ੍ਹਾਂ ਦੀ ਟਰੈਫਿਕ ਦੀ ਸਮੱਸਿਆ ਪੇਸ਼ ਨਾ ਆਵੇ। ਇਸ ਤੋਂ ਇਲਾਵਾ ਸਾਰੇ ਸੁਰੱਖਿਆ ਪ੍ਰਬੰਧ ਮੁਕੰਮਲ ਕੀਤੇ ਜਾਣ। ਉਨ੍ਹਾਂ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਰਿਹਰਸਲ ਤੇ ਸਮਾਗਮ ਵਾਲੇ ਦਿਨ ਐਂਬੂਲੈਂਸ ਤੇ ਡਾਕਟਰੀ ਟੀਮਾਂ ਦਾ ਖਾਸ ਪ੍ਰਬੰਧ ਕਰਨ ਲਈ ਕਿਹਾ।

ਇਸ ਦੌਰਾਨ ਉਨ੍ਹਾਂ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਆਦੇਸ਼ ਦਿੰਦਿਆਂ ਕਿਹਾ ਕਿ ਸ਼ਹਿਰ 'ਚ ਵੱਖ-ਵੱਖ ਸਜਾਵਟੀ ਗੇਟ ਬਣਾਉਣ ਤੇ ਚੌਂਕਾਂ ਦੀ ਸਜਾਵਟ ਕਰਨੀ ਯਕੀਨੀ ਬਣਾਈ ਜਾਵੇ। ਉਨ੍ਹਾਂ ਸਟੇਜ ਦੀ ਸਜਾਵਟ, ਬੈਰੀਕੇਡਿੰਗ, ਸਾਫ਼ ਪੀਣ ਵਾਲੇ ਪਾਣੀ ਤੇ ਸਾਫ਼-ਸਫ਼ਾਈ, ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਨੂੰ ਆਰਜੀ ਪਖਾਨਿਆਂ ਦਾ ਪ੍ਰਬੰਧ ਕਰਨਾ ਯਕੀਨੀ ਬਣਾਉਣ ਲਈ ਕਿਹਾ। ਉਨ੍ਹਾਂ ਕਿਹਾ ਕਿ ਇਸ ਮੌਕੇ ਫਾਇਰ ਬ੍ਰਿਗੇਡ ਵੀ ਮੌਜੂਦ ਰੱਖੀ ਜਾਵੇ। ਉਨ੍ਹਾਂ ਕਿਹਾ ਕਿ ਸਾਰੇ ਵਿਭਾਗਾਂ ਦੇ ਅਧਿਕਾਰੀ, ਕਰਮਚਾਰੀ ਅਤੇ ਸਕੂਲੀ ਵਿਦਿਆਰਥੀਆਂ ਦੀ ਸਮਾਗਮ ਵਿਚ ਹਾਜ਼ਰੀ ਯਕੀਨੀ ਬਣਾਈ ਜਾਵੇ ਅਤੇ ਸੱਭਿਆਚਾਰਕ ਪ੍ਰੋਗਰਾਮ ਵਿਚ ਭਾਗ ਲੈਣ ਵਾਲੇ ਵਿਦਿਆਰਥੀਆਂ ਲਈ ਰਿਫਰੈਸ਼ਮੈਂਟ ਦਾ ਪ੍ਰਬੰਧ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਫੁੱਲ ਡਰੈੱਸ ਰਿਹਰਸਲ 13 ਅਗਸਤ, 2024 ਨੂੰ ਹੋਵੇਗੀ।



# ਸੰਯੁਕਤ ਕਿਸਾਨ ਮੋਰਚੇ ਵੱਲੋਂ ਪਿੰਡਾਂ ਵਿੱਚ ਬਜ਼ਟ ਦੀਆਂ ਕਾਪੀਆਂ ਸਾੜਨ ਦਾ ਸੱਦਾ

## ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ ਦੀ ਵਿਆਪਕ ਏਕਤਾ- ਸਮੇਂ ਦੀ ਲੋੜ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

ਸੰਯੁਕਤ ਕਿਸਾਨ ਮੋਰਚੇ ਵੱਲੋਂ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਦੁਆਰਾ 23 ਜੁਲਾਈ 2024 ਨੂੰ ਸੰਸਦ ਵਿੱਚ ਪੇਸ਼ ਕੀਤੇ ਗਏ ਕੇਂਦਰੀ ਬਜਟ 2024-25 ਦੀ ਕਿਸਾਨਾਂ ਅਤੇ ਮਜ਼ਦੂਰਾਂ ਦੀ ਕੀਮਤ 'ਤੇ ਖੇਤੀਬਾੜੀ ਦੇ ਕਾਰਪੋਰੇਟੀਕਰਨ ਅਤੇ ਰਾਜ ਸਰਕਾਰਾਂ ਦੇ ਅਧਿਕਾਰਾਂ ਨੂੰ ਹੜੱਪਣ ਅਤੇ ਇਸ ਤਰ੍ਹਾਂ ਦੇ ਬੁਨਿਆਦੀ ਸੰਕਲਪ ਦੀ ਉਲੰਘਣਾ ਕਰਨ ਦੇ ਜ਼ੋਰਦਾਰ ਨਿਰਦੇਸ਼ਾਂ ਲਈ ਸਖ਼ਤ ਆਲੋਚਨਾ ਕੀਤੀ। ਭਾਰਤ ਦੇ ਸੰਵਿਧਾਨ ਦਾ ਸੰਘੀ ਚਰਿੱਤਰ।

ਇੰਟਰਨੈਸ਼ਨਲ ਫਾਈਨੈਂਸ ਕੈਪੀਟਲ ਦੇ ਦਬਾਅ ਹੇਠ ਤਿਆਰ ਕੀਤੇ ਗਏ ਬਜਟ ਵਿੱਚ ਐਮਐਨਸੀ ਲਈ 5% ਦੀ ਟੈਕਸ ਛੋਟ ਦਾ ਐਲਾਨ ਕੀਤਾ ਗਿਆ ਹੈ ਅਤੇ ਕਾਰਪੋਰੇਟਾਂ ਅਤੇ ਸੁਪਰ ਰਿਚਾਂ ਨੂੰ ਟੈਕਸ ਦੇਣ ਲਈ ਤਿਆਰ ਨਹੀਂ ਹੈ ਜਦੋਂ ਕਿ ਅਸਿੱਧੇ ਟੈਕਸ ਵਜੋਂ ਇਕੱਠਾ ਕੀਤਾ ਗਿਆ ਜੀਐਸਟੀ ਦਾ 67% ਗਰੀਬ ਆਬਾਦੀ ਦੇ 50% ਤੋਂ ਹੈ। ਕਾਰਪੋਰੇਟ ਕੰਪਨੀਆਂ 'ਤੇ ਕੋਈ ਟੈਕਸ ਵਾਧਾ ਨਹੀਂ ਕੀਤਾ ਗਿਆ ਹੈ ਅਤੇ ਕੋਈ ਵੀ ਜਾਇਦਾਦ ਟੈਕਸ ਅਤੇ ਵਿਰਾਸਤੀ ਟੈਕਸ ਇਸ ਤਰ੍ਹਾਂ ਸਪੱਸ਼ਟ ਤੌਰ 'ਤੇ ਇਸ ਦੇ ਕਿਸਾਨ-ਵਿਰੋਧੀ, ਮਜ਼ਦੂਰ ਵਿਰੋਧੀ ਵਰਗ ਦੇ ਪੱਖਪਾਤ ਨੂੰ ਪ੍ਰਗਟ ਕਰਦਾ ਹੈ। ਇਹ ਦੇਸ਼ ਦੇ ਕਿਸਾਨਾਂ ਨੂੰ ਮਨਜ਼ੂਰ ਨਹੀਂ ਹੈ।

ਬਜਟ ਨੇ ਗਾਰੰਟੀਸ਼ੁਦਾ ਖਰੀਦ ਦੇ ਨਾਲ ਸ਼ਫ਼ਛ2+50% ਲਈ ਕਿਸਾਨਾਂ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਜਾਇਜ਼ ਮੰਗਾਂ ਨੂੰ ਨਜ਼ਰਅੰਦਾਜ਼ ਕੀਤਾ ਹੈ। ਵਿੱਤ ਮੰਤਰੀ ਨੇ ਬਜਟ ਭਾਸ਼ਣ ਵਿੱਚ ਕਿਹਾ ਕਿ 'ਅੰਨਦਾਤਾ ਲਈ, ਸਰਕਾਰ ਨੇ ਇੱਕ ਮਹੀਨਾ ਪਹਿਲਾਂ ਸਾਰੀਆਂ ਪ੍ਰਮੁੱਖ ਫਸਲਾਂ ਲਈ ਉੱਚ ਘੱਟੋ-ਘੱਟ ਸਮਰਥਨ ਮੁੱਲ ਦਾ ਐਲਾਨ ਕੀਤਾ ਸੀ, ਲਾਗਤਾਂ 'ਤੇ ਘੱਟੋ-ਘੱਟ 50 ਫੀਸਦੀ ਮਾਰਜਿਨ ਦੇ ਵਾਅਦੇ ਨੂੰ ਪੂਰਾ ਕਰਨਾ' ਝੂਠ ਹੈ। ਵਾਅਦਾ @C2+50% ਸੀ ਅਤੇ ਮੌਜੂਦਾ MSP @A2+FL+50% ਹੈ। ਐਸਕੇਐਮ ਨੇ ਵਿੱਤ ਮੰਤਰੀ ਤੋਂ ਮੰਗ ਕੀਤੀ ਹੈ ਕਿ ਉਹ ਐਮਐਸਪੀ 'ਤੇ ਇੱਕ ਵ੍ਹਾਈਟ ਪੇਪਰ ਰਾਹੀਂ ਇਸ ਤੱਥ ਨੂੰ ਲੋਕਾਂ ਨੂੰ ਸਪੱਸ਼ਟ ਕਰਨ ਇਸ ਤਰ੍ਹਾਂ ਸ਼ਾਸਨ ਵਿੱਚ ਪਾਰਦਰਸ਼ਤਾ ਅਤੇ ਸ਼ੁੱਧਤਾ ਨੂੰ ਬਰਕਰਾਰ ਰੱਖਣ।

ਭਾਵੇਂ ਆਰ.ਬੀ.ਆਈ. ਨੇ ਕੇਂਦਰ ਸਰਕਾਰ ਨੂੰ ਸਰਪਲੱਸ ਵਜੋਂ 2,10,874 ਕਰੋੜ ਰੁਪਏ ਟਰਾਂਸਫਰ ਕਰ ਦਿੱਤੇ ਹਨ।

ਲੇਖਾ ਸਾਲ 2023-24 ਲਈ, ਬਜਟ ਨੇ ਕਿਸਾਨਾਂ ਅਤੇ ਮਜ਼ਦੂਰਾਂ ਲਈ ਵਿਆਪਕ ਕਰਜ਼ਾ ਮੁਆਫੀ ਦੀ ਲੰਬੇ ਸਮੇਂ ਤੋਂ ਲਟਕਦੀ ਆ ਰਹੀ ਮੰਗ ਨੂੰ ਬੇਰਹਿਮੀ ਨਾਲ ਨਜ਼ਰਅੰਦਾਜ਼ ਕੀਤਾ ਹੈ, ਹਾਲਾਂਕਿ ਸਰਕਾਰੀ ਰਿਕਾਰਡਾਂ ਅਨੁਸਾਰ ਭਾਰਤ ਵਿੱਚ ਰੋਜ਼ਾਨਾ 31 ਕਿਸਾਨ ਖੁਦਕੁਸ਼ੀ ਕਰ ਰਹੇ ਹਨ।

ਕੇਂਦਰ ਸਰਕਾਰ ਨੇ ਪਿਛਲੇ 10 ਸਾਲਾਂ ਦੌਰਾਨ ਕਾਰਪੋਰੇਟ ਘਰਾਣਿਆਂ ਨੂੰ 14.46 ਲੱਖ ਕਰੋੜ ਦੀ ਕਰਜ਼ਾ ਮੁਆਫੀ ਦਿੱਤੀ ਸੀ ਅਤੇ ਵਰਤਮਾਨ ਵਿੱਚ ਇਨਸੋਲਵੈਂਸੀ ਅਤੇ ਦੀਵਾਲੀਆਪਨ ਕੋਡ ਰਾਹੀਂ ਹੋਰ 10.2 ਲੱਖ ਕਰੋੜ ਦੀ ਪ੍ਰਕਿਰਿਆ ਕਰ ਰਹੀ ਹੈ।

ਕੇਂਦਰੀ ਬਜਟ 2024-25 ਦੇ 48.25 ਲੱਖ ਅੰਦਾਜ਼ੇ ਵਿੱਚੋਂ ਸਿਰਫ਼ ਰੁ. 1, 51, 851 ਕਰੋੜ ਜਾਂ ਮਹਿਜ਼ 3.15% ਖੇਤੀਬਾੜੀ ਅਤੇ ਸਹਾਇਕ ਖੇਤਰ ਦਾ ਹਿੱਸਾ ਹੈ। ਪਿਛਲੇ ਬਜਟਾਂ ਦੌਰਾਨ ਇਸ ਸੈਕਟਰ ਦੀ ਹਿੱਸੇਦਾਰੀ ਸਾਲ 2019-20 ਵਿੱਚ 5.44%, 2020-21 ਵਿੱਚ 5.08%, 2021-22 ਵਿੱਚ 4.26% ਅਤੇ 2022-23 ਵਿੱਚ 3.23% ਦੇ ਰੂਪ ਵਿੱਚ ਘਟੀ ਹੈ। ਬਜਟ ਵਿੱਚ ਬੀਜ, ਖਾਦ, ਮਸ਼ੀਨਰੀ, ਸਪੇਅਰ ਪਾਰਟਸ ਅਤੇ ਟਰੈਕਟਰ ਸਮੇਤ ਖੇਤੀ ਲਾਗਤਾਂ 'ਤੇ ਜੀਐਸਟੀ ਨੂੰ ਰੱਦ ਨਹੀਂ ਕੀਤਾ ਗਿਆ, ਇਸ ਤਰ੍ਹਾਂ ਕਿਸਾਨਾਂ ਨੂੰ ਉਤਪਾਦਨ ਦੀ ਲਾਗਤ ਘਟਾਉਣ ਵਿੱਚ ਮਦਦ ਮਿਲੀ। ਇਸ ਮਹੱਤਵਪੂਰਨ ਸੈਕਟਰ ਪ੍ਰਤੀ ਮੋਦੀ ਸਰਕਾਰ ਦਾ ਇਹ ਰਵੱਈਆ ਹੈ ਜੋ 45.76% ਕਾਰਜ ਸ਼ਕਤੀ ਅਤੇ 58% ਆਬਾਦੀ ਨੂੰ ਕਾਇਮ ਰੱਖਦਾ ਹੈ। ਐੱਸਕੇਐੱਮ ਨੇ ਕੇਂਦਰੀ ਬਜਟ ਦੇ ਢੁਕਵੇਂ ਹਿੱਸੇ ਦੇ ਨਾਲ ਖੇਤੀਬਾੜੀ ਅਤੇ ਪੇਂਡੂ ਵਿਕਾਸ ਲਈ ਵੱਖਰੇ ਬਜਟ ਦੀ ਮੰਗ ਕੀਤੀ ਹੈ।

ਬਜਟ ਨੇ ਜਨਤਕ ਖੇਤਰ ਵਿੱਚ ਇੱਕ ਬੀਮਾ ਯੋਜਨਾ ਨਾਲ ਅਸਫਲ ਫੰਡਬੈ ਅਤੇ 'ਧੂਫ਼ ਨੂੰ ਬਦਲਣ ਦੀ ਸਭ ਤੋਂ ਮਹੱਤਵਪੂਰਨ ਮੰਗਾਂ ਨੂੰ ਨਜ਼ਰਅੰਦਾਜ਼ ਕੀਤਾ ਅਤੇ ਗਲੋਬਲ ਵਾਰਮਿੰਗ ਕਾਰਨ ਕੁਦਰਤੀ ਆਫ਼ਤਾਂ ਵਿੱਚ ਫਸਲਾਂ ਦੀ ਅਸਫਲਤਾ ਦੇ ਬਾਵਜੂਦ ਕਿਸਾਨਾਂ ਨੂੰ ਵਿਆਜ ਮੁਕਤ ਕਰਜ਼ਾ ਪ੍ਰਦਾਨ ਕੀਤਾ।

9.3 ਕਰੋੜ ਵਿੱਚੋਂ 1 ਕਰੋੜ ਜ਼ਮੀਨ ਵਾਲੇ ਕਿਸਾਨਾਂ ਨੂੰ ਕੁਦਰਤੀ ਖੇਤੀ ਕਰਨ ਦਾ ਫੈਸਲਾ ਖੇਤੀ ਉਤਪਾਦਨ ਵਧਾਉਣ ਲਈ ਨੁਕਸਾਨਦੇਹ ਹੈ ਅਤੇ ਅਨਾਜ ਸੰਕਟ ਪੈਦਾ ਕਰੇਗਾ। ਖਾਦ ਸਬਸਿਡੀ ਵਿੱਚ ਕਟੌਤੀ ਨੇ ਉਤਪਾਦਨ ਦੀ ਲਾਗਤ ਨੂੰ ਵਧਾ ਦਿੱਤਾ ਹੈ ਅਤੇ ਇਹ ਦੇਸ਼ ਦੀ ਖੁਰਾਕ ਸੁਰੱਖਿਆ ਨੂੰ ਤਬਾਹ ਕਰ ਦੇਵੇਗਾ ਜੋ ਭਵਿੱਖ ਵਿੱਚ ਬਹੁਤ ਵੱਡੀ ਸਮਾਜਿਕ ਬਿਪਤਾ ਲਈ ਰਾਹ ਪੱਧਰਾ ਕਰੇਗਾ ਜਿਵੇਂ ਕਿ ਸ੍ਰੀਲੰਕਾ ਵਰਗੇ ਦੇਸ਼ਾਂ ਦੁਆਰਾ ਅਨੁਭਵ ਕੀਤਾ ਗਿਆ ਹੈ।

ਜ਼ਮੀਨ ਅਤੇ ਫਸਲਾਂ ਨੂੰ ਰਜਿਸਟਰ ਕਰਨ ਲਈ ਖੇਤੀਬਾੜੀ ਵਿੱਚ ਡਿਜੀਟਲ ਜਨਤਕ ਬੁਨਿਆਦੀ ਢਾਂਚੇ (ਧਫੀ) ਦੀਆਂ ਘੋਸ਼ਣਾਵਾਂ ਅਤੇ ਰਾਸ਼ਟਰੀ ਸਹਿਕਾਰਤਾ ਨੀਤੀ ਦਾ ਉਦੇਸ਼ ਰਾਜ ਸਰਕਾਰਾਂ ਦੇ ਅਧਿਕਾਰਾਂ ਨੂੰ ਘੇਰਨਾ ਹੈ ਕਿਉਂਕਿ ਖੇਤੀਬਾੜੀ, ਜ਼ਮੀਨ ਅਤੇ ਸਹਿਕਾਰਤਾ ਭਾਰਤ ਦੇ ਸੰਵਿਧਾਨ ਦੇ ਅਨੁਸਾਰ ਰਾਜ ਦੇ ਵਿਸ਼ੇ ਹਨ। ਐੱਸਕੇਐੱਮ ਰਾਜ ਦੇ ਵਿਸ਼ੇ ਵਜੋਂ ਸਹਿਕਾਰਤਾ ਦੇ ਸੰਵਿਧਾਨਕ ਉਪਬੰਧ ਨੂੰ ਬਰਕਰਾਰ ਰੱਖਣ ਲਈ ਹੈ ਅਤੇ 2019 ਵਿੱਚ ਬਣੇ ਕੇਂਦਰੀ ਸਹਿਕਾਰਤਾ ਮੰਤਰਾਲੇ ਨੂੰ ਖਤਮ ਕਰਨ ਦੀ ਜ਼ੋਰਦਾਰ ਮੰਗ ਕਰਦਾ ਹੈ।

ਬਜਟ ਦਾ ਲੰਮੀ ਮਿਆਦ ਦਾ ਉਦੇਸ਼ ਕਾਰਪੋਰੇਟਸ ਅਤੇ ਬਹੁ-ਰਾਸ਼ਟਰੀ ਕੰਪਨੀਆਂ ਦੇ ਸਿੱਧੇ ਨਿਯੰਤਰਣ ਅਧੀਨ ਇਕਰਾਰਨਾਮੇ ਨੂੰ ਉਤਸ਼ਾਹਿਤ ਕਰਨਾ ਹੈ। ਢਿਞ ਨੇ ਖੇਤੀ ਕਾਰੋਬਾਰ ਅਤੇ ਖੋਜ ਅਤੇ ਵਿਕਾਸ ਖੇਤਰਾਂ ਵਿੱਚ ਕੰਮ ਕਰ ਰਹੇ ਬੇਅਰ ਅਤੇ ਸਿੰਜੈਂਟਾ ਸਮੇਤ ੱਛ ਦੇ ਨਾਲ ਸਮਝੌਤਿਆਂ ਦੇ ਮੈਮੋਰੰਡਮ 'ਤੇ ਹਸਤਾਖਰ ਕੀਤੇ ਅਤੇ ਵਿੱਤ ਮੰਤਰੀ ਨੇ ੍ਰਧ ਨੂੰ ਉਤਸ਼ਾਹਿਤ ਕਰਨ ਲਈ ਪ੍ਰਾਈਵੇਟ ਸੈਕਟਰ ਨੂੰ ਫੰਡ ਪ੍ਰਦਾਨ ਕਰਨ ਦਾ ਐਲਾਨ ਪਿਛਲੇ ਦਰਵਾਜ਼ਿਆਂ ਰਾਹੀਂ ਬਲੈਕ ਫਾਰਮ ਐਕਟਾਂ ਨੂੰ ਲਾਗੂ ਕਰਨ ਦੀਆਂ ਕੋਸ਼ਿਸ਼ਾਂ ਦਾ ਹਿੱਸਾ ਹਨ।

ਐੱਸਕੇਐੱਮ ਨੇ ਕੇਂਦਰ ਸਰਕਾਰ ਤੋਂ ਘਸ਼ਠ ਐਕਟ ਵਿੱਚ ਸੋਧ ਕਰਨ ਅਤੇ ਰਾਜ ਸਰਕਾਰਾਂ ਦੇ ਟੈਕਸ ਲਗਾਉਣ ਦੇ ਅਧਿਕਾਰ ਨੂੰ ਬਹਾਲ ਕਰਨ ਦੀ ਮੰਗ ਕੀਤੀ ਸੀ ਅਤੇ ਇਸ ਤਰ੍ਹਾਂ ਮਜ਼ਬੂਤ ਰਾਜ: ਭਾਰਤ ਦੀ ਮਜ਼ਬੂਤ ਯੂਨੀਅਨ ਦੇ ਸਿਧਾਂਤ ਨੂੰ ਬਰਕਰਾਰ ਰੱਖਿਆ। ਰਾਜਾਂ ਦੇ ਟੈਕਸਾਂ ਦੇ ਅਧਿਕਾਰ ਨੂੰ ਨਕਾਰਨਾ ਅਤੇ ਫਿਰ ਰਾਜਾਂ ਨੂੰ ਵੰਡ ਦਾ ਹਿੱਸਾ ਨਿਰਧਾਰਤ ਕਰਨ ਵਿੱਚ ਵਿਤਕਰਾ ਕਰਨਾ ਸਿਆਸੀ ਚਿੰਤਾ ਦਾ ਗੰਭੀਰ ਮੁੱਦਾ ਬਣ ਗਿਆ ਹੈ। ਬੀਜੇਪੀ ਅਤੇ ਐਨਡੀਏ ਇੱਕ ਦੂਜੇ ਦੇ ਖਿਲਾਫ ਫੰਡ ਦੇ ਭੁੱਖੇ ਰਾਜਾਂ ਨੂੰ ਖੜ੍ਹਾ ਕਰ ਰਹੇ ਹਨ ਅਤੇ ਕੁਝ ਰਾਜਾਂ ਨੂੰ ਸੱਤਾ ਵਿੱਚ ਬਣੇ ਰਹਿਣ ਲਈ ਤਰਕਹੀਣ ਵੰਡ ਨਾਲ ਖੁਸ਼ ਕਰਨਾ ਵਿਨਾਸ਼ਕਾਰੀ ਅਤੇ ਖ਼ਤਰਨਾਕ ਹੈ ਅਤੇ ਲੰਬੇ ਸਮੇਂ ਵਿੱਚ ਵਿਭਿੰਨਤਾ ਦਾ ਸਨਮਾਨ ਕਰਦੇ ਹੋਏ ਸੰਘੀ ਢਾਂਚੇ ਵਿੱਚ ਕਾਇਮ ਰਹਿਣ ਦੀ ਰਾਸ਼ਟਰੀ ਏਕਤਾ ਅਤੇ ਏਕਤਾ ਨੂੰ ਨੁਕਸਾਨ ਪਹੁੰਚਾਏਗਾ। ਵੱਖ-ਵੱਖ ਕੌਮੀਅਤਾਂ ਜੋ ਭਾਰਤ ਦਾ ਗਠਨ ਕਰਦੀਆਂ ਹਨ।

ਐੱਸਕੇਐੱਮ ਸਾਰੀਆਂ ਰਾਜ ਸਰਕਾਰਾਂ ਅਤੇ ਸਾਰੀਆਂ ਰਾਜਨੀਤਿਕ ਪਾਰਟੀਆਂ ਤੋਂ ਮੰਗ ਕਰਦੀ ਹੈ ਕਿ ਉਹ ਇਨ੍ਹਾਂ ਗੰਭੀਰ ਮੁੱਦਿਆਂ 'ਤੇ ਠੋਸ ਅਤੇ ਸਪੱਸ਼ਟ ਸਥਿਤੀਆਂ ਲੈਣ ਅਤੇ ਮੋਦੀ ਸਰਕਾਰ ਵਿਰੁੱਧ ਰੈਲੀ ਕਰਨ। ਸ਼ਕਤੀ ਦੇ ਕੇਂਦਰੀਕਰਨ ਦੀ ਨੀਤੀ ਵਿੱਚ ਤਬਦੀਲੀ ਦੀ ਮੰਗ ਕਰਨਾ ਰਾਜਾਂ ਦੇ ਟੈਕਸਾਂ ਦੇ ਅਧਿਕਾਰਾਂ ਨੂੰ ਯਕੀਨੀ ਬਣਾਉਂਦਾ ਹੈ, ਇਸ ਤਰ੍ਹਾਂ ਲੋਕਾਂ ਅਤੇ ਦੇਸ਼ ਦੇ ਹਿੱਤਾਂ ਦੀ ਰੱਖਿਆ ਕਰਦਾ ਹੈ।

ਬਜਟ ਵਿੱਚ ਮਜ਼ਦੂਰਾਂ ਲਈ 26000 ਰੁਪਏ ਪ੍ਰਤੀ ਮਹੀਨਾ ਘੱਟੋ-ਘੱਟ ਉਜਰਤ, ਜੋ ਕਿ ਗੈਰ-ਸੰਗਠਿਤ ਖੇਤਰ ਵਿੱਚ 90% ਕਰਮਚਾਰੀਆਂ ਦਾ ਸਮਰਥਨ ਕਰ ਸਕਦੀਆਂ ਹਨ, ਜਨਤਕ ਖੇਤਰ ਦੇ ਨਾਲ-ਨਾਲ ਸਰਕਾਰ ਵਿੱਚ ਮੌਜੂਦਾ 30 ਲੱਖ ਤੋਂ ਵੱਧ ਖਾਲੀ ਅਸਾਮੀਆਂ ਵਿੱਚ ਭਰਤੀ ਵਰਗੀਆਂ ਮੰਗਾਂ ਨੂੰ ਨਹੀਂ ਦਰਸਾਉਂਦੀਆਂ। ਨਰੇਗਾ ਤਹਿਤ ਸੈਕਟਰ ਅਤੇ ਦਿਹਾੜੀ 600 ਰੁਪਏ ਪ੍ਰਤੀ ਦਿਨ ਅਤੇ ਘੱਟੋ-ਘੱਟ 200 ਦਿਨਾਂ ਦਾ ਕੰਮ। ਦਰਅਸਲ, ਮਨਰੇਗਾ ਲਈ ਅਲਾਟਮੈਂਟ ਦੁੱਗਣੀ ਕਰਨ ਦੀ ਬਜਾਏ ਘਟਾ ਦਿੱਤੀ ਗਈ ਹੈ। ਮਨਰੇਗਾ ਨੂੰ ਵਾਟਰਸ਼ੈੱਡ ਯੋਜਨਾਬੰਦੀ ਅਤੇ ਖੇਤੀਬਾੜੀ ਵਿਕਾਸ ਨਾਲ ਜੋੜਨ ਦੀ ਮੰਗ ਨੂੰ ਅਣਗੌਲਿਆ ਕੀਤਾ ਗਿਆ ਹੈ। ਐਮਐਸਪੀ ਅਤੇ ਮਨਰੇਗਾ ਬਾਰੇ ਗਲਤ ਨੀਤੀ ਇਹ ਦੱਸਦੀ ਹੈ ਕਿ ਮੋਦੀ ਸਰਕਾਰ। ਕਿਸਾਨਾਂ ਦੀਆਂ ਖੁਦਕੁਸ਼ੀਆਂ, ਦੁਖੀ ਪਰਵਾਸ ਅਤੇ ਬੇਰੁਜ਼ਗਾਰੀ ਦੇ ਗੰਭੀਰ ਸੰਕਟ ਨੂੰ ਖਤਮ ਕਰਨ ਲਈ ਖੇਤੀਬਾੜੀ ਅਤੇ ਛੋਟੇ ਉਤਪਾਦਨ ਨੂੰ ਮੁੜ ਸੁਰਜੀਤ ਕਰਨ ਲਈ ਕੋਈ ਸੁਹਿਰਦਤਾ ਨਹੀਂ ਹੈ।

ਐੱਸਕੇਐੱਮ ਨੇ ਆਪਣੇ ਬਜਟ ਭਾਸ਼ਣ ਵਿੱਚ ਜੰਗਲੀ ਜੀਵਾਂ ਦੇ ਖਤਰੇ ਕਾਰਨ ਫਸਲਾਂ ਅਤੇ ਜਾਨਾਂ ਦੇ ਨੁਕਸਾਨ ਦੇ ਗੰਭੀਰ ਮੁੱਦੇ ਬਾਰੇ ਵਿੱਤ ਮੰਤਰੀ ਦੀ ਚੁੱਪ ਦੀ ਸਖ਼ਤ ਨਿੰਦਾ ਕੀਤੀ। ਫਸਲਾਂ ਅਨੁਸਾਰ ਗੰਨਾ ਕਿਸਾਨਾਂ ਦੇ ਬਕਾਏ ਨੂੰ ਕਲੀਅਰ ਕਰਨਾ, ਭਾਅ ਸਥਿਰਤਾ ਫੰਡ ਅਤੇ ਸਮਰਥਨ ਮੁੱਲ ਦਾ ਐਲਾਨ ਕਰਨਾ। ਰਬੜ ਦੇ ਕਿਸਾਨਾਂ ਲਈ 250 ਪ੍ਰਤੀ ਕਿੱਲੋ, ਸੇਬ 'ਤੇ 100% ਦਰਾਮਦ ਡਿਊਟੀ, ਪਿਆਜ਼, ਆਲੂ ਅਤੇ ਸਬਜ਼ੀਆਂ ਦੇ ਕਿਸਾਨਾਂ ਲਈ ਬਾਜ਼ਾਰ ਸੁਰੱਖਿਆ, ਡੇਅਰੀ ਅਤੇ ਪਸ਼ੂ ਪਾਲਣ ਖੇਤਰ ਲਈ ਨਰੇਗਾ ਦਾ ਵਿਸਤਾਰ, ਪਸ਼ੂਆਂ ਲਈ ਬਾਜ਼ਾਰ ਮੁੱਲ ਅਤੇ ਫਸਲਾਂ ਅਤੇ ਮਨੁੱਖੀ ਜੀਵਨ ਲਈ ਆਵਾਰਾ ਪਸ਼ੂਆਂ ਦੇ ਸੰਕਟ ਨੂੰ ਖਤਮ ਕਰਨਾ ਆਦਿ ਵੀ ਸ਼ਾਮਲ ਹਨ। ਬਜਟ ਵਿੱਚ ਸੰਬੋਧਿਤ ਨਹੀਂ ਕੀਤਾ ਗਿਆ ਹੈ।

ਐੱਸਕੇਐੱਮ ਸਿੱਖਿਆ, ਸਿਹਤ, ਰੁਜ਼ਗਾਰ ਅਤੇ ਕੀਮਤ ਕੰਟਰੋਲ 'ਤੇ ਬਜਟ ਦੇ ਨਕਾਰਾਤਮਕ ਰਵੱਈਏ ਦੀ ਸਖ਼ਤ ਨਿੰਦਾ ਕਰਦੀ ਹੈ। ਸਰਕਾਰ ਨੇ 4 ਲੇਬਰ ਕੋਡ ਨੂੰ ਰੱਦ ਕਰਨ ਅਤੇ ਪੁਰਾਣੀ ਪੈਨਸ਼ਨ ਸਕੀਮ ਨੂੰ ਦੁਬਾਰਾ ਸ਼ੁਰੂ ਕਰਨ ਲਈ ਤਿਆਰ ਨਹੀਂ ਹੈ। ਨਿਜੀ ਖੇਤਰ ਵਿੱਚ ਹੁਨਰ ਵਿਕਾਸ ਅਤੇ ਇੱਕ ਮਹੀਨੇ ਦੀ ਤਨਖ਼ਾਹ ਦੀਆਂ ਤਿੱਖੀਆਂ ਸਕੀਮਾਂ ਨਾਕਾਫ਼ੀ ਹਨ ਅਤੇ ਇਹ ਕੇਂਦਰ ਸਰਕਾਰ ਦੇ ਗੰਭੀਰ ਬੇਰੁਜ਼ਗਾਰੀ ਦੇ ਮੁੱਦੇ ਨੂੰ ਹੱਲ ਕਰਨ ਤੋਂ ਅਸਤੀਫ਼ਾ ਹੀ ਦਰਸਾਉਂਦੀਆਂ ਹਨ।

Gillson
TRUCKING INC



# NOW Hiring
# Truck Drivers Class A CDL

- Signing Bonus
- Top pay
- Mileage Pay
- Great Benefits
- Over the Road or Local Routes
- Reefers and Dry Van Operations
- No touch freight

## Skills:

- Responsible truck driver.
- Experience with electronic equipment.
- Ability to travel regularly.
- Adaptivity and foresight to handle unexpected situations (traffic, weather conditions and roads, etc.)

## Responsibilities:

- Safely operating assigned vehicles.
- The Vehicles are maintained and serviced as needed.
- Report any vehicle defects for repair.
- Make safety a priority at all times.
- Comply with standard federal laws and with company. policies and procedures.

## Pay:

- Between **$80,000.00 - $120,000.00** per year
- Average pay: **$0.50- $0.60** cents/mile
- Weekly direct deposits
- Bonuses for clean inspections
- High mileage bonuses

## Newer Equipment:

Freightliner and Volvo 2020 and present
Reset pay away from Terminals- Stockton, CA and Dayton, Ohio

- Flexible Home Time
- Pet Friendly
- Rider Policy

## Health Benefits:

Health Dental Vision



## Where to Apply

It's on our website the link under apply now. Please copy it here and then we would to have all.

**Apply Here:**

https://intelliapp.driverapponline.com/c/gillson?uri_b=ia_gillson_2058382794

## Contact:

1801 E Dr. Martin Luther King Jr. Blvd, Stockton, CA 95205
925-400-9094 | ext.116, ext.130 and ext.144
info@teamgillson.com

## Get in Touch:

gillsontrucking
gillsontrucking
company/gillsontrucking
www.teamgillson.com


Punjabi Cultural Society Of
Tracy Presents
ਤੀਆਂ ਦਾ ਮੇਲਾ
KULWINDER BILLA
4 ਅਗਸਤ,
2024,
ਦਿਨ ਐਤਵਾਰ
IPFES
PORTUGUESE HALL
400 W 9th St, Tracy, CA 95376
$10 TICKET
LADIES ONLY
11:00AM
-
7:00PM
Hosted By :
ASHA SHARMA
ਇਲਾਕੇ ਦੀਆਂ ਸਮੂਹ ਪੰਜਾਬੀ ਮੁਟਿਆਰਾਂ ਵੱਲੋਂ
ਗਿੱਧਾ, ਭੰਗੜਾ, ਬੋਲੀਆਂ ਪਾ ਪੇਸ਼ ਕੀਤੀਆਂ ਜਾਣਗੀਆਂ
ਵੱਖ-ਵੱਖ ਸੱਭਿਆਚਾਰਕ ਵੰਨਗੀਆ ਤੇ ਦਿਲ ਖਿੱਚਵੇਂ ਰੰਗਾਂ -ਰੰਗ ਪ੍ਰੋਗਰਾਮ |
ਲੱਗਣਗੇ ਹਾਰ- ਸ਼ਿੰਗਾਰ ਤੇ ਵੱਖੋ -ਵੱਖਰੇ ਖਾਣ ਪੀਣ ਦੇ ਸਟਾਲ, ਬੱਚਿਆਂ ਲਈ ਖੇਡਾਂ ਦਾ ਖ਼ਾਸ ਪ੍ਰਬੰਧ !
OUR PROUD SPONSORS
TRACY LIQUOR
NEW INDIAN SUPERMARKET
doaba
MOUNTAIN MIKE'S
PAUDAVIS
LATHROP LIQUOR
BAL EVENTS
PAAM
SUNSET LIQUORS
MART LIQUOR
SANSAR
CATERING
CASTLE WINTON PHARMACY
Nor Cal Liquors
NEW INDIAN FABRIC
CLEANERS
CITY AUTO
Two Guy's FUEL
TANDOORi PIZZA
Dentistry
IMPERIAL SPICE
KRUSS TRUCKING
SUNRISE TRUCKING
ADVANCED Trucking
TRY-US TRANSPORTATION INC.
Sandhu Brothers
Sahi Realty LLC
LTA Bros Inc
Kamal Transport
Continental C Express Inc
ROAD KING TRUCK LINES
MARCH DENTAL CARE
ARCO ampm
SUBWAY
ਇਸ ਵਾਰ ਪਹਿਲਾਂ ਹੀ ਸਾਰੇ Vendors Book ਹਨ
ਵਧੇਰੇ ਜਾਣਕਾਰੀ ਲਈ ਕਾਲ ਕਰੋ : Tajinder Muhar :(209) 640-9521 | Rani Kahlon :(209) 683-6926

E-MAIL:SALES@ezeldsolutions.com

EZ ELD SOLUTIONS
LOGBOOKS MADE EASY

# TRACK YOUR TRUCK WITH
# EZ TRUCK SOLUTION

ਆਪਣੇ ਟਰੱਕ ਵਿਚ ELD DEVICE ਲਗਾਉਣ ਲਈ ਸਾਨੂੰ ਕਾਲ ਕਰੋ
ਅਸੀਂ ਤੁਹਾਡੇ ਨਾਲ ਪੰਜਾਬੀ ਵਿਚ ਗੱਲ-ਬਾਤ ਕਰ ਸਕਦੇ ਹਾਂ

FMCSA Complaint & Affordable
The Power of telematics in the palm of your hand
Compliance | Asset Tracking | Management

$100 HARDWARE
ONE-TIME FEE

$20 MONTHLY
SUBSCRIPTION

CRITICAL ENGINE DATA | Maintanence Entry | Tracking | Tire Pressure | Diagnostics | Refer temp

24/7 TECHNICAL SUPPORT IN
ENGLISH,SPANISH AND PUNJABI.

CALL NOW +1 (800) 556-7105

Official Address : 2301 W Belmont ave, Fresno, CA 93727

ਆਪਣੇ ਇਮੀਗਰੇਸ਼ਨ ਦੇ ਕਿਸੇ ਵੀ ਕੰਮ ਲਈ ਸਾਨੂੰ ਮਿਲੋ

HOPE IMMIGRATION

Where Hope Meets

# IMMIGRATION OPPORTUNITIES

| USA SERVICES : | INDIAN SERVICES : |
|---|---|
| CITIZENSHIP | Passport |
| GREEN CARD & PETITION | VISA |
| AFFIDAVIT OF SUPPORT | OCI CARD |
| WORK PERMIT RENEW | RENUNCIATION |
| STUDENT VISA & TRANSFER | POWER OF ATTORNEY |
| TOURIST VISAS | LEGAL DOCUMENTS ATTESTATIONS |
| | NOTARY SERVICES |

WE CAN HELP YOU WORK AND SETTLE IN COUNTRIES WORLDWIDE ALSO

ਅਮਰੀਕਾ ਜਾਂ INDIA ਦੀ Immigration ਜਾਂ Legal Document Services ਲਈ HOPE IMMIGRATION ਕੋਲ ਆਓ

ਅਸੀਂ ਤਜਰਬੇਕਾਰ ਇਮੀਗਰੇਸ਼ਨ ਵਕੀਲਾਂ ਨਾਲ ਵੀ ਕੰਮ ਕਰਦੇ ਹਾਂ
ਅਤੇ ਲੋੜ ਪੈਣ ਤੇ ਉਹਨਾਂ ਦੀਆਂ ਸੇਵਾਵਾਂ ਵੀ ਤੁਹਾਨੂੰ ਦਵਾ ਸਕਦੇ ਹਾਂ।



ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : (916) 518-0630

WEBSITE : www.hopeimmigration.net | Email : help@hopeimmigration.net

ਅਸੀਂ California State ਦੇ Bonded Immigration Consultant ਹਾਂ

ADDRESS : 2953 W CAPITOL AVE WEST SACRAMENTO, CA 95691

ਮੈਂ ਵਕੀਲ ਨਹੀਂ ਹਾਂ ਅਤੇ ਕੋਈ ਕਾਨੂੰਨੀ ਸੁਲਾਹ ਨਹੀਂ ਦੇ ਸਕਦਾ

# ਨਰਮੇ ਦੀ ਫਸਲ ਦੀ ਸਾਂਭ ਸੰਭਾਲ ਬਾਰੇ ਖੇਤੀ ਮਾਹਿਰਾਂ ਵੱਲੋਂ ਇੱਕ ਰੋਜ਼ਾ ਸਿਖਲਾਈ ਕੈਂਪ ਦਾ ਆਯੋਜਨ

ਮਾਨਸਾ
ਸਾਂਝੀ ਸੋਚ ਬਿਊਰੋ

ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਕ੍ਰਿਸ਼ੀ ਵਿਗਿਆਨ ਕੇਂਦਰ, ਮਾਨਸਾ ਅਤੇ ਕੇਂਦਰੀ ਕਪਾਹ ਖੋਜ ਸੰਸਥਾਨ ਦੇ ਖੇਤਰੀ ਖ਼ੋਜ ਕੇਂਦਰ, ਸਿਰਸਾ ਦੇ ਖੇਤੀ ਮਾਹਿਰਾਂ ਵੱਲੋਂ ਬਲਾਕ ਸਰਦੂਲਗੜ੍ਹ ਦੇ ਪਿੰਡ ਖੈਰਾ ਖੁਰਦ ਵਿਖੇ ਨਰਮੇ ਦੀ ਫਸਲ ਦੀ ਸਾਂਭ ਸੰਭਾਲ ਬਾਰੇ ਇੱਕ ਰੋਜ਼ਾ ਸਿਖਲਾਈ ਕੈਂਪ ਦਾ ਆਯੋਜਨ ਕੀਤਾ ਗਿਆ, ਜਿੱਥੇ ਵੱਖ ਵੱਖ ਪਿੰਡਾਂ ਦੇ 105 ਕਿਸਾਨਾਂ ਨੇ ਭਾਗ ਲਿਆ।

ਵਿਗਿਆਨੀ, ਕੇਂਦਰੀ ਕਪਾਹ ਖੋਜ ਸੰਸਥਾਨ, ਡਾ. ਅਮਰਪ੍ਰੀਤ ਸਿੰਘ ਨੇ ਕਿਸਾਨਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਰਸਾਤ ਨਾ ਹੋਣ ਕਾਰਨ ਨਰਮੇ ਦੀ ਫ਼ਸਲ ਵਿੱਚ ਔੜ ਵਰਗੇ ਹਾਲਤ ਬਣ ਰਹੇ ਹਨ, ਇਸ ਲਈ ਕਿਸਾਨ ਵੀਰਾਂ ਨੂੰ ਪਾਣੀ ਲਗਾਉਣ ਮਗਰੋਂ ਸਿਫਾਰਿਸ਼ ਅਨੁਸਾਰ ਯੂਰੀਆ ਖਾਦ ਦੀ ਵਰਤੋਂ ਕਰਨੀ ਚਾਹੀਦੀ ਹੈ ਤਾਂ ਜੋ ਫ਼ਸਲ ਦਾ ਚੰਗਾ ਵਾਧਾ ਹੋ ਸਕੇ। ਉਨ੍ਹਾਂ ਦੱਸਿਆ ਕਿ ਫੁੱਲਾਂ ਦੇ ਸ਼ੁਰੂ ਹੋਣ ਤੋਂ ਲੈ ਕੇ ਇੱਕ ਹਫ਼ਤੇ ਦੇ ਵਕਫੇ 'ਤੇ 04 ਵਾਰ 2 ਫ਼ੀਸਦੀ ਪੋਟਾਸ਼ਿਆਮ ਨਾਇਟ੍ਰੇਟ (13:0:45) ਦਾ ਛਿੜਕਾਅ ਕੀਤਾ ਜਾਵੇ ਅਤੇ ਖੇਤਾਂ ਵਿੱਚ ਨਦੀਨ ਨਾ ਹੋਣ ਦਿੱਤੇ ਜਾਣ। ਸਹਾਇਕ ਪ੍ਰੋਫੈਸਰ, ਕੀਟ ਵਿਗਿਆਨ, ਕ੍ਰਿਸ਼ੀ ਵਿਗਿਆਨ ਕੇਂਦਰ ਮਾਨਸਾ, ਡਾ. ਰਣਵੀਰ ਸਿੰਘ ਨੇ ਕਿਸਾਨਾਂ ਨੂੰ ਜਾਣੂ ਕਰਵਾਉਂਦਿਆਂ ਕਿਹਾ ਕਿ ਨਰਮੇ 'ਤੇ ਚਿੱਟੀ ਮੱਖੀ ਦੀ ਰੋਕਥਾਮ ਲਈ ਛਿੜਕਾਅ ਉਸ ਸਮੇਂ ਸ਼ੁਰੂ ਕਰੋ ਜਦੋਂ ਬੂਟੇ ਦੇ ਉੱਪਰਲੇ ਹਿੱਸੇ ਵਿੱਚ ਸਵੇਰ ਨੂੰ 10 ਵਜੇ ਤੋਂ ਪਹਿਲਾਂ ਇਸ ਦੀ ਗਿਣਤੀ ਪ੍ਰਤੀ ਪਤਾ 06 ਹੋ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਨਰਮੇ ਉੱਪਰ ਚਿੱਟੀ ਮੱਖੀ ਦਾ ਹਮਲਾ ਬਹੁਤ ਜ਼ਿਆਦਾ ਹੋਵੇ ਤਾਂ ਕਲਾਸਟੋ 20 ਡਬਲਯੂ ਜੀ.(ਪਾਇਰੀਫਲੂਕੀਨਾਜ਼ੋਨ) 200 ਗ੍ਰਾਮ/ਏਕੜ ਦੀ ਸਪਰੇਅ ਕਰਨ ਤੋਂ ਬਾਅਦ ਲੈਨੋ 10 ਈ. ਸੀ. (ਪਾਈਰੀਪਰੋਕਸੀਫਿਨ) 500 ਮਿ.ਲੀ./ਏਕੜ ਜਾਂ ਓਬਰੋਨ 22.9 ਐਸ ਸੀ (ਸਪੈਰੋਮੈਸੀਫਿਨ) 200 ਮਿ.ਲੀ./ਏਕੜ ਦੇ ਹਿਸਾਬ ਨਾਲ ਸਪਰੇਅ ਕੀਤੀ ਜਾਵੇ।

ਉਨ੍ਹਾਂ ਕਿਹਾ ਕਿ ਚਿੱਟੀ ਮੱਖੀ ਦਾ ਹਮਲਾ ਦਰਮਿਆਨਾ ਹੋਵੇ ਤਾਂ ਸਫੀਨਾ 50 ਡੀ ਸੀ (ਅਫਿਡੋਪਾਇਰੋਪਿਨ) 400 ਮਿ.ਲੀ./ਏਕੜ ਜਾਂ ਪੋਲੋ 50 ਡਬਲਯੂ ਪੀ (ਡਾਇਆਫੈਨਥ੍ਰਯੂਰੋਨ) 200 ਗ੍ਰਾਮ/ ਏਕੜ ਦੀ ਸਪਰੇਅ ਕਰਨ ਤੋਂ ਬਾਅਦ ਲੈਨੋ 10 ਈ ਸੀ (ਪਾਈਰੀਪਰੋਕਸੀਫਿਨ) 500 ਮਿ.ਲੀ./ਏਕੜ ਜਾਂ ਓਬਰੋਨ 22.9 ਐਸ ਸੀ (ਸਪੈਰੋਮੈਸੀਫਿਨ) 200 ਮਿ.ਲੀ./ਏਕੜ ਦੀ ਸਪਰੇਅ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਘੱਟ ਹਮਲੇ ਵਾਲੇ ਨਰਮੇ ਦੇ ਖੇਤਾਂ ਵਿੱਚ ਓਸ਼ੀਨ 20 ਐਸ ਜੀ (ਡਾਇਨੋਟੈਫੂਰਾਨ) 60 ਗ੍ਰਾਮ/ਏਕੜ ਜਾਂ ਫੋਸਮਾਈਟ 50 ਈ ਸੀ (ਈਥੀਆਨ) 800 ਮਿ.ਲੀ./ਏਕੜ ਦੀ ਸਪਰੇਅ ਕੀਤੀ ਜਾਵੇ। ਉਨ੍ਹਾਂ ਫ਼ਸਲ ਨੂੰ ਗੁਲਾਬੀ ਸੁੰਡੀ ਦੇ ਹਮਲੇ ਤੋਂ ਬਚਾਉਣ ਲਈ ਫੁੱਲਾਂ ਅਤੇ ਟੀਂਡਿਆਂ ਦਾ ਲਗਾਤਾਰ ਸਰਵੇਖਣ ਕਰਦੇ ਰਹੋ ਅਤੇ ਜੇ 100 ਫੁੱਲਾਂ ਵਿਚੋਂ ਨੁਕਸਾਨੇ ਗਏ 05 ਫੁੱਲ ਮਿਲਦੇ ਹਨ ਜਾਂ 20 ਹਰੇ ਟੀਂਡਿਆਂ ਵਿੱਚੋਂ 02 ਜਾਂ 03 ਤੋਂ ਜ਼ਿਆਦਾ ਸੁੰਡੀਆਂ ਮਿਲਦੀਆਂ ਹਨ ਤਾਂ ਪਰੋਕਲੇਮ 05 ਐਸ.ਜੀ. ( ਐਮਾਮੈਕਟਿਨ ਬੈਨਜੋਏਟ) 100 ਗ੍ਰਾਮ ਜਾਂ ਕਿਊਰਾਕਰਨ 50 ਈ ਸੀ (ਪ੍ਰੋਫੈਨੋਫਾਸ) 500 ਮਿ.ਲੀ. ਜਾਂ ਅਵਾਂਟ 15 ਐਸ ਸੀ (ਇੰਡੋਕਸਾਕਾਰਬ) 200 ਮਿ.ਲੀ. ਜਾਂ ਲਾਰਵਿਨ 75 ਡਬਲਯੂ ਪੀ (ਥਾਇਓਡੀਕਾਰਬ) 250 ਗ੍ਰਾਮ ਜਾਂ ਫੇਮ 400 ਐਸ ਸੀ (ਫਲੂਬੈਂਡਾਮਾਈਡ) 40 ਮਿ.ਲੀ. ਜਾਂ ਫੋਸਮਾਈਟ 50 ਈ ਸੀ (ਈਥੀਆਨ)800 ਮਿ.ਲੀ. ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰਨ ਦੀ ਸਲਾਹ ਦਿੱਤੀ।

# ਪਿੰਡ ਲਾਦੀਆਂ ਵਿਖੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੀ ਫਰੀ ਬੈੱਡ ਸੇਵਾ ਦੇ ਬੋਰਡ ਲੱਗੇ



ਬੰਗਾ
ਸਾਂਝੀ ਸੋਚ ਬਿਊਰੋ

ਪ੍ਰਸਿੱਧ ਸਮਾਜ ਸੇਵਕ ਰਸ਼ਪਾਲ ਸਿੰਘ ਲਾਦੀਆਂ ਸਾਬਕਾ ਸਰਪੰਚ ਪਿੰਡ ਲਾਦੀਆਂ ਅਤੇ ਸਮੂਹ ਨਗਰ ਨਿਵਾਸੀ ਸੰਗਤਾਂ ਵੱਲੋਂ ਗੁਰੂ ਨਾਨਕ ਮਿਸ਼ਨ ਹਸਪਤਾਲ ਅਤੇ ਟਰੌਮਾ ਸੈਂਟਰ ਢਾਹਾਂ ਕਲੇਰਾਂ ਵਿਖੇ ਪਿੰਡ ਲਾਦੀਆਂ ਦੇ ਲੋੜਵੰਦ ਮਰੀਜ਼ਾਂ ਦੀ ਮਦਦ ਲਈ ਫਰੀ ਬੈੱਡ ਸੇਵਾ ਦਾ ਆਰੰਭ ਕਰਵਾਇਆ ਹੈ।

ਜਿਸ ਨਾਲ ਹੁਣ ਪਿੰਡ ਲਾਦੀਆਂ ਦੇ ਵਾਸੀਆਂ ਨੂੰ ਢਾਹਾਂ ਕਲੇਰਾਂ ਹਸਪਤਾਲ ਵਿਖੇ ਦਾਖਲ ਹੋ ਕੇ ਇਲਾਜ ਕਰਵਾਉਣ ਮੌਕੇ ਫਰੀ ਬੈਡ ਦੀ ਸਹੂਲਤ ਮਿਲੇਗੀ । ਅੱਜ ਇਹ ਜਾਣਕਾਰੀ ਐਡਵੋਕੇਟ ਬਲਵੰਤ ਸਿੰਘ ਲਾਦੀਆਂ ਸਪੁੱਤਰ ਰਸ਼ਪਾਲ ਸਿੰਘ ਲਾਦੀਆਂ ਸਾਬਕਾ ਸਰਪੰਚ ਨੇ ਪਿੰਡ ਵਿਚ ਹਸਪਤਾਲ ਵੱਲੋਂ ਫਰੀ ਬੈਡ ਸੇਵਾ ਦੇ ਬੋਰਡ ਲਗਵਾਉਣ ਮੌਕੇ ਦਿੱਤੀ । ਉਹਨਾਂ ਨੇ ਹਸਪਤਾਲ ਦੇ ਬਾਨੀ ਪ੍ਰਧਾਨ ਬਾਬਾ ਬੁੱਧ ਸਿੰਘ ਢਾਹਾਂ ਨੂੰ ਯਾਦ ਕਰਦੇ ਸਮੂਹ ਲਾਦੀਆਂ ਨਗਰ ਨਿਵਾਸੀਆਂ ਨੂੰ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਮਿਲਦੀਆਂ ਮਿਆਰੀ ਸਿਹਤ ਸੇਵਾਵਾਂ ਦਾ ਅਤੇ ਫਰੀ ਬੈਡ ਸੇਵਾ ਦਾ ਲਾਭ ਪ੍ਰਾਪਤ ਕਰਨ ਦੀ ਅਪੀਲ ਕੀਤੀ।

ਇਸ ਮੌਕੇ ਭਾਈ ਜੋਗਾ ਸਿੰਘ ਢਾਹਾਂ ਕਲੇਰਾਂ ਨੇ ਹਸਪਤਾਲ ਪ੍ਰਬੰਧਕ ਟਰੱਸਟ ਦੇ ਪ੍ਰਧਾਨ ਕੁਲਵਿੰਦਰ ਸਿੰਘ ਢਾਹਾਂ ਵੱਲੋਂ ਪਿੰਡ ਲਾਦੀਆਂ ਲਈ ਫਰੀ ਬੈੱਡ ਸੇਵਾ ਆਰੰਭ ਕਰਵਾਉਣ ਲਈ ਸਮਾਜ ਸੇਵਕ ਰਸ਼ਪਾਲ ਸਿੰਘ ਲਾਦੀਆਂ ਸਾਬਕਾ ਸਰਪੰਚ ਪਿੰਡ ਲਾਦੀਆਂ ਅਤੇ ਸਮੂਹ ਨਗਰ ਨਿਵਾਸੀਆਂ ਵੱਲੋਂ ਦਿੱਤੇ ਵੱਢਮੁੱਲੇ ਸਹਿਯੋਗ ਲਈ ਹਾਰਦਿਕ ਧੰਨਵਾਦ ਕੀਤਾ। ਉਹਨਾਂ ਨੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਮਿਲਦੀਆਂ ਮੈਡੀਕਲ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਮੌਕੇ ਗੁਰਬਚਨ ਸਿੰਘ ਦਿਓ, ਹੁਸਨ ਲਾਲ ਪੰਚ, ਮਹਿੰਦਰ ਪਾਲ, ਮੋਤਾ ਰਾਮ, ਹਰਬੰਸ ਲਾਲ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।







IAPW
INTERNATIONAL ASSOCIATION of PUNJABI WOMEN
26TH ANNUAL
ONE N ONE ONLY
YUBA CITY
SHIPRA GOYAL
HARMANDEEP KAUR
GUEST APPEARANCE
SHIPRA GOYAL
TEEYAN DA Mela
TIME: 11AM TO 7PM
YUBA SUTTER FAIR GROUNDS
442 FRANKLIN AVEYUBA CITY, CA 95991
SEPT 1ST 2024
(SUNDAY BEFORE LABORDAY)
$10 MANDATORY RAFFLE
ENTRY TICKET AT THE GATE
FOR PARTICIPATION, BOOTH BOOKINGS
N SPONSORSHIP, PLEASE CONTACT
CALL : (530) 845-4800
JOT RANJIT KAUR (HOST)
PARM TAKHAR (HOST)
PINNU BRAR
MANINDER MAAN
NAVI GILL
HARDEEP BINNING
DALBIR RAI
JASWANT DHILLON
BAL K SINDAL
SANDEEP DEOL
MANDEEP KAUR
KEERAT TAKHAR
SUKHI JHUTTY
SITAL GORAYA
BAKHSHO VISLA
SHIVPREET BIHALA
NEETU HUNDAL
RAJINDER KAUR
( OWNER MEHFIL )

# PAL FILMS & PHOTO BOOKS

*All Your Photo/Videography & Post Production needs Under One Roof*




Music Video | Pre Shoots | Weddings | Birthdays | Graduations
Stage Shows Or Any Kind Of Events | Customize Photobooks (upto 6 feet)
Video Editing VFX/DI/CC & Much More....

*Full Photo & Videography studio with Green Screen Blue Screen*

**PH: 925 489 3400, 341 356 1517**

**Email: palfilms@yahoo.com, palfilms925@gmail.com, www.palfilms.com**

**4007 Railroad Ave**
**Pittsburgh, CA 94565**

ਸਾਂਝੀ ਸੋਚ
Surjit Singh Flora
6 Havelock Drive
Brampton, Canada
647-829-9397



# ਹਾਈ ਬਲੱਡ ਪ੍ਰੈਸ਼ਰ ਨੂੰ ਕਿਵੇਂ ਕਾਬੂ ਕੀਤਾ ਜਾ ਸਕਦਾ ਹੈ?

ਹਾਈ ਬਲੱਡ ਪ੍ਰੈਸ਼ਰ ਨੂੰ ਰੋਕਣ ਵਿੱਚ ਇੱਕ ਸਿਹਤਮੰਦ ਜੀਵਨ ਸ਼ੈਲੀ ਬਣਾਈ ਰੱਖਣਾ ਜਰੂਰੀ ਹੈ। ਜੋ ਇੱਕ ਸੰਤੁਲਿਤ ਖੁਰਾਕ , ਘੱਟ ਸੋਡੀਅਮ ਅਤੇ ਫਲਾਂ, ਸਬਜ਼ੀਆਂ ਅਤੇ ਸਾਬਤ ਅਨਾਜ ਨਾਲ ਹੀ ਸੰਭਵ ਹੋ ਸਕਦਾ ਹੈ॥ ਨਿਯਮਤ ਸਰੀਰਕ ਗਤੀਵਿਧੀ ਵਿੱਚ ਹਿਸਾ ਲਓ। ਤਣਾਅ ਨੂੰ ਕਾਬੂ ਵਿਚ ਰੱਖੋ, ਅਤੇ ਸ਼ਰਾਬ ਦੇ ਸੇਵਨ ਨੂੰ ਸੀਮਤ ਕਰੋ। ਜੇਕਰ ਤੁਸੀਂ ਇਹਨਾਂ ਚੀਜ਼ਾ ਤੋਂ ਪ੍ਰਹੇਜ਼ ਕਰਦੇ ਹੋ ਤਾਂ ਤੁਹਾਡੇ ਸਿਹਤ ਸੰਭਾਲ ਸਮੱਸਿਆਵਾਂ ਦਾ ਬਹੁਤ ਜਲਦ ਹੱਲ ਕੀਤਾ ਜਾ ਸਕਦਾ ਹੈ। ਇਸ ਦੇ ਨਾਲ ਹੀ ਜੈਨੇਟਿਕ ਕਾਰਕ ਇੱਕ ਭੂਮਿਕਾ ਨਿਭਾਉਂਦੇ ਹਨ, ਇਸ ਲਈ ਤੁਹਾਡੇ ਪਰਿਵਾਰਕ ਇਤਿਹਾਸ ਨੂੰ ਜਾਣਨਾ ਮਹੱਤਵਪੂਰਨ ਹੈ। ਵਿਅਕਤੀਗਤ ਸਲਾਹ ਲਈ, ਸਿਹਤ ਸੰਭਾਲ ਪੇਸ਼ੇਵਰਾਂ ਨਾਲ ਸਲਾਹ ਮਸ਼ਵਰਾਂ ਜਰੂਰ ਕਰੋ।

ਕਿਉਂਕਿ ਸਮੁੱਚੀ ਸਿਹਤ ਨੂੰ ਬਣਾਈ ਰੱਖਣ ਅਤੇ ਗੰਭੀਰ ਮੈਡੀਕਲ ਪੇਚੀਦਗੀਆਂ ਨੂੰ ਰੋਕਣ ਲਈ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨਾ ਜ਼ਰੂਰੀ ਹੈ। ਹਾਈ ਬਲੱਡ ਪ੍ਰੈਸ਼ਰ, ਜਾਂ ਹਾਈਪਰਟੈਨਸ਼ਨ, ਸਟ੍ਰੋਕ, ਦਿਲ ਦਾ ਦੌਰਾ, ਗੁਰਦੇ ਫੇਲ੍ਹ ਹੋਣ, ਅਤੇ ਹੋਰ ਸਿਹਤ ਸਮੱਸਿਆਵਾਂ ਦਾ ਕਾਰਨ ਬਣ ਸਕਦਾ ਹੈ। ਖੁਸ਼ਕਿਸਮਤੀ ਨਾਲ, ਜੀਵਨਸ਼ੈਲੀ ਵਿੱਚ ਬਹੁਤ ਸਾਰੇ ਬਦਲਾਅ ਆਉਂਦੇ ਹਨ ਜੋ ਤੁਸੀਂ ਆਪਣੇ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਵਿੱਚ ਰੱਖਣ ਵਿੱਚ ਮਦਦ ਕਰਨ ਲਈ ਕਰ ਸਕਦੇ ਹੋ।

ਜਿਵੇਂ ਕਿ ਕਸਰਤ: ਤੰਦਰੁਸਤ ਬਲੱਡ ਪ੍ਰੈਸ਼ਰ ਨੂੰ ਬਣਾਈ ਰੱਖਣ ਲਈ ਕਸਰਤ ਸਭ ਤੋਂ ਵਧੀਆ ਤਰੀਕਿਆਂ ਵਿੱਚੋਂ ਇੱਕ ਹੈ। ਨਿਯਮਤ ਕਸਰਤ ਤੁਹਾਨੂੰ ਭਾਰ ਘਟਾਉਣ, ਤੁਹਾਡੇ ਕੋਲੇਸਟ੍ਰੋਲ ਨੂੰ ਘਟਾਉਣ, ਅਤੇ ਤਣਾਅ ਘਟਾਉਣ ਵਿੱਚ ਮਦਦ ਕਰ ਸਕਦੀ ਹੈ, ਇਹ ਸਭ ਤੁਹਾਡੇ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਵਿੱਚ ਰੱਖਣ ਵਿੱਚ ਮਦਦ ਕਰ ਸਕਦੇ ਹਨ। ਹਰ ਰੋਜ਼ ਘੱਟੋ-ਘੱਟ 30 ਮਿੰਟ ਦਰਮਿਆਨੀ ਸਰੀਰਕ ਗਤੀਵਿਧੀ ਲਈ ਟੀਚਾ ਰੱਖੋ, ਜਿਵੇਂ ਕਿ ਪੈਦਲ ਚੱਲਣਾ, ਜੌਗਿੰਗ, ਤੈਰਾਕੀ, ਜਾਂ ਰੋਜ਼ਾਨਾਂ ਅੱਧੇ ਘੰਟੇ ਤੋਂ ਲੱਗ ਕੇ ਇਕ ਘੰਟੇ ਤੱਕ ਸਾਈਕਲ ਚਲਾਉਣਾ ਨਾਲ ਸਰੀਰ ਹੀਂ ਨਹੀਂ ਤੰਦਰੁਸਤ ਰਹਿੰਦਾ ਸਗੋਂ ਬਲੱਡ ਪ੍ਰੈਸਰ , ਮੋਟਾਪਾ ਵਰਗੀਆਂ ਬਿਮਾਰੀਆਂ ਤੋਂ ਵੀ ਨਿਜਾਕਤ ਮਿਲਦੀ ਹੈ।

ਸਿਹਤਮੰਦ ਭੋਜਨ ਖਾਓ: ਤੁਹਾਡੇ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਵਿਚ ਰੱਖਣ ਲਈ ਸੰਤੁਲਿਤ ਭੋਜਨ ਖਾਣਾ ਮਹੱਤਵਪੂਰਨ ਹੈ। ਬਹੁਤ ਸਾਰੇ ਤਾਜ਼ੇ ਫਲ ਅਤੇ ਸਬਜ਼ੀਆਂ, ਸਾਬਤ ਅਨਾਜ ਅਤੇ ਪ੍ਰੋਟੀਨ ਖਾਣ 'ਤੇ ਧਿਆਨ ਦਿਉ। ਪ੍ਰੋਸੈਸਡ ਭੋਜਨਾਂ ਅਤੇ ਸੋਡੀਅਮ, ਚਰਬੀ ਅਤੇ ਚੀਨੀ ਵਾਲੇ ਭੋਜਨਾਂ ਤੋਂ ਪਰਹੇਜ਼ ਕਰੋ। ਇਹ ਤਾਂ ਹੀ ਹੋ ਸਕਦਾ ਹੈ ਜੇਕਰ ਤੁਸੀਂ ਤਣਾਅ ਘਟਾਉਂਦੇ ਹੋ। ਤਣਾਅ ਤੁਹਾਡੇ ਬਲੱਡ ਪ੍ਰੈਸ਼ਰ ਨੂੰ ਵਧਾ ਸਕਦਾ ਹੈ। ਤਣਾਅ ਘਟਾਉਣ ਦੇ ਸਿਹਤਮੰਦ ਤਰੀਕੇ ਲੱਭਣ ਦੀ ਕੋਸ਼ਿਸ਼ ਕਰੋ, ਜਿਵੇਂ ਕਿ ਯੋਗਾ, ਧਿਆਨ, ਜਾਂ ਡੂੰਘੇ ਸਾਹ ਲੈਣ ਦੇ ਅਭਿਆਸ।

ਇਸ ਦੇ ਨਾਲ ਹੀ ਜੇਕਰ ਤੁਸੀਂ ਸਿਗਰਟਨੋਸ਼ੀ ਕਰਦੇ ਹੋ ਉਸ ਨੂੰ ਛੱਡ ਦੇਵੋਂ ਕਿਉਂਕਿ ਸਿਗਰਟਨੋਸ਼ੀ ਤੁਹਾਡੇ ਬਲੱਡ ਪ੍ਰੈਸ਼ਰ ਨੂੰ ਵਧਣ ਦਾ ਕਾਰਨ ਬਣ ਸਕਦੀ ਹੈ, ਇਸ ਲਈ ਜੇਕਰ ਤੁਸੀਂ ਸਿਗਰਟ ਪੀਂਦੇ ਹੋ, ਤਾਂ ਛੱਡਣਾ ਤੁਹਾਡੇ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਵਿੱਚ ਰੱਖਣ ਵਿੱਚ ਮਦਦ ਕਰ ਸਕਦਾ ਹੈ। ਇਸ ਦੇ ਨਾਲ ਹੀ, ਅਲਕੋਹਲ ਨੂੰ ਸੀਮਤ ਕਰੋ: ਬਹੁਤ ਜ਼ਿਆਦਾ ਸ਼ਰਾਬ ਪੀਣ ਨਾਲ ਤੁਹਾਡਾ ਬਲੱਡ ਪ੍ਰੈਸ਼ਰ ਵਧ ਸਕਦਾ ਹੈ, ਇਸ ਲਈ ਆਪਣੀ ਸ਼ਰਾਬ ਤੇ ਜਿੰਨਾਂ ਵੀ ਕਾਬੂ ਪਾ ਸਕਦੇ ਹੋ ਪਾਓ ਜਾਂ ਇਸ ਨੂੰ ਸੀਮਤ ਕਰਨ ਦੀ ਕੋਸ਼ਿਸ਼ ਕਰੋ।

ਪੂਰੀ ਨੀਂਦ ਲਓ: ਲੋੜੀਂਦੀ ਨੀਂਦ ਨਾ ਲੈਣ ਨਾਲ ਤੁਹਾਡਾ ਬਲੱਡ ਪ੍ਰੈਸ਼ਰ ਵਧ ਸਕਦਾ ਹੈ। ਹਰ ਰਾਤ ਘੱਟੋ-ਘੱਟ ਸੱਤ ਤੋਂ ਨੌਂ ਘੰਟੇ ਸੌਣ ਦਾ ਟੀਚਾ ਰੱਖੋ। ਇਸ ਦੇ ਨਾਲ ਹੀ ਨਿਯਮਿਤ ਤੌਰ 'ਤੇ ਆਪਣੇ ਬਲੱਡ ਪ੍ਰੈਸ਼ਰ ਦੀ ਜਾਂਚ ਕਰਦੇ ਰਹੋ। ਜੇਕਰ ਇਹ ਬਹੁਤ ਜ਼ਿਆਦਾ ਹੈ, ਤਾਂ ਤੁਹਾਡਾ ਡਾਕਟਰ ਇਸਨੂੰ ਰੋਕਣ ਵਿੱਚ ਮਦਦ ਲਈ ਦਵਾਈਆਂ ਲਿਖ ਸਕਦਾ ਹੈ।

ਭਾਰ ਦਾ ਵਧਣਾ, ਖਾਸ ਤੌਰ ਤੇ ਪੇਟ ਦਾ ਬਾਹਰ ਨੂੰ ਆਉਣਾ ਨਾਲ ਜ਼ਿਆਦਾ ਭਾਰ ਹੋਣ ਨਾਲ ਤੁਹਾਡੇ ਦਿਲ 'ਤੇ ਦਬਾਅ ਪੈ ਸਕਦਾ ਹੈ ਅਤੇ ਤੁਹਾਡਾ ਬਲੱਡ ਪ੍ਰੈਸ਼ਰ ਵਧ ਸਕਦਾ ਹੈ। ਜਿਸ ਲਈ ਸਿਹਤਮੰਦ ਖੁਰਾਕ ਖਾ ਕੇ ਅਤੇ ਨਿਯਮਿਤ ਤੌਰ 'ਤੇ ਕਸਰਤ ਕਰਕੇ ਇੱਕ ਸਿਹਤਮੰਦ ਵਜ਼ਨ ਬਣਾਈ ਰੱਖਣ ਦੀ ਕੋਸ਼ਿਸ਼ ਕਰਨੀ ਚਾਹਿੰਦੀ ਹੈ।

ਇਹ ਸਮਝਣਾ ਮਹੱਤਵਪੂਰਨ ਹੈ ਕਿ ਕੋਈ ਵੀ ਭੋਜਨ ਜਾਦੂਈ ਤੌਰ 'ਤੇ ਹਾਈ ਬਲੱਡ ਪ੍ਰੈਸ਼ਰ ਨੂੰ "ਘੱਟ" ਨਹੀਂ ਕਰ ਸਕਦਾ ਹੈ।

ਹਾਲਾਂਕਿ, ਇੱਕ ਸਿਹਤਮੰਦ ਜੀਵਨ ਸ਼ੈਲੀ ਦੇ ਹਿੱਸੇ ਵਜੋਂ ਕੁਝ ਖਾਸ ਭੋਜਨਾਂ ਨੂੰ ਆਪਣੀ ਖੁਰਾਕ ਵਿੱਚ ਸ਼ਾਮਲ ਕਰਨਾ ਬਲੱਡ ਪ੍ਰੈਸ਼ਰ ਨੂੰ ਕੁਦਰਤੀ ਤੌਰ 'ਤੇ ਪ੍ਰਬੰਧਨ ਅਤੇ ਘੱਟ ਕਰਨ ਵਿੱਚ ਮਦਦ ਕਰ ਸਕਦਾ ਹੈ। ਇੱਥੇ ਕੁਝ ਮੁੱਖ ਫ਼ਲ ਅਤੇ ਸਬਜੀਆਂ ਵਾਰੇ ਉਦਾਹਰਨ ਦਿੰਦੇ ਹਾਂ ਜਿਵੇਂ ਕਿ:

ਪੱਤੇਦਾਰ ਹਰੀਆਂ ਸਬਜ਼ੀਆਂ ਜਿਵੇਂ ਪਾਲਕ, ਗੋਭੀ ਅਤੇ ਸਾਗ ਵਿੱਚ ਨਾਈਟ੍ਰੇਟ ਦੀ ਮਾਤਰਾ ਵਧੇਰੇ ਹੁੰਦੀ ਹੈ, ਜੋ ਖ਼ੂਨ ਦੀਆਂ ਨਾੜੀਆਂ ਨੂੰ ਫੈਲਾਉਣ ਅਤੇ ਬਲੱਡ ਪ੍ਰੈਸ਼ਰ ਨੂੰ ਘੱਟ ਕਰਨ ਵਿੱਚ ਮਦਦ ਕਰਦੀ ਹੈ। ਇਸ ਦੇ ਨਾਲ ਹੀ ਬੇਰੀਆਂ, ਖਾਸ ਤੌਰ 'ਤੇ ਬਲੂਬੈਰੀ, ਐਂਟੀਆਕਸੀਡੈਂਟਸ ਅਤੇ ਪੌਦਿਆਂ ਦੇ ਮਿਸ਼ਰਣ ਨਾਲ ਭਰਪੂਰ ਹੁੰਦੇ ਹਨ ਜੋ ਖ਼ੂਨ ਦੀਆਂ ਨਾੜੀਆਂ ਦੇ ਕੰਮ ਨੂੰ ਸੁਧਾਰ ਸਕਦੇ ਹਨ ਅਤੇ ਬਲੱਡ ਪ੍ਰੈਸ਼ਰ ਨੂੰ ਘੱਟ ਕਰ ਸਕਦੇ ਹਨ।


ਫੈਟੀ ਮੱਛੀ ਜਿਵੇਂ ਕਿ ਸਾਲਮਨ, ਮੈਕਰੇਲ ਅਤੇ ਸਾਰਡਾਈਨ ਵਿੱਚ ਉਮੇਗਾ -3 ਫੈਟੀ ਐਸਿਡ ਦੀ ਮਾਤਰਾ ਵਧੇਰੇ ਹੁੰਦੀ ਹੈ, ਜਿਸ ਵਿੱਚ ਸਾੜ ਵਿਰੋਧੀ ਪ੍ਰਭਾਵ ਹੁੰਦੇ ਹਨ ਅਤੇ ਬਲੱਡ ਪ੍ਰੈਸ਼ਰ ਨੂੰ ਘਟਾਉਣ ਵਿੱਚ ਮਦਦ ਕਰ ਸਕਦੇ ਹਨ। ਇਸ ਦੇ ਨਾਲ ਹੀ ਬੀਨਜ਼, ਦਾਲ ਅਤੇ ਹੋਰ ਫ਼ਲੀਦਾਰ ਫਾਈਬਰ, ਮੈਗਨੀਸ਼ੀਅਮ ਅਤੇ ਪੋਟਾਸ਼ੀਅਮ ਵਿੱਚ ਲਾਂਭਦਾਇਕ ਹੁੰਦੇ ਹਨ, ਇਹ ਸਾਰੇ ਹਾਈਪਰਟੈਨਸ਼ਨ ਦੇ ਪ੍ਰਬੰਧਨ ਵਿੱਚ ਮਦਦ ਕਰ ਸਕਦੇ ਹਨ ਅਤੇ ਲਸਣ ਵਿੱਚ ਅਜਿਹੇ ਮਿਸ਼ਰਣ ਹੁੰਦੇ ਹਨ ਜੋ ਖ਼ੂਨ ਦੀਆਂ ਨਾੜੀਆਂ ਨੂੰ ਆਰਾਮ ਦੇਣ ਅਤੇ ਬਲੱਡ ਪ੍ਰੈਸ਼ਰ ਨੂੰ ਘੱਟ ਕਰਨ ਵਿੱਚ ਮਦਦ ਕਰ ਸਕਦੇ ਹਨ।

ਬਰਾਊਨ ਰਾਈਸ, ਉਟਸ ਵਰਗੇ ਸਾਬਤ ਅਨਾਜ ਫਾਈਬਰ ਅਤੇ ਮੈਗਨੀਸ਼ੀਅਮ ਦੇ ਚੰਗੇ ਸਰੋਤ ਹਨ, ਜੋ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ ਵਿੱਚ ਮਦਦ ਕਰ ਸਕਦੇ ਹਨ।

ਮੁੱਖ ਗੱਲ ਇਹ ਹੈ ਕਿ ਫਲਾਂ, ਸਬਜ਼ੀਆਂ, ਘੱਟ ਪ੍ਰੋਟੀਨ ਅਤੇ ਸਾਬਤ ਅਨਾਜ ਨਾਲ ਭਰਪੂਰ ਖੁਰਾਕ 'ਤੇ ਧਿਆਨ ਕੇਂਦਰਿਤ ਕਰਨਾ ਹੈ ਜਦੋਂ ਕਿ ਸੋਡੀਅਮ, ਸੰਤ੍ਰਿਪਤ ਚਰਬੀ, ਅਤੇ ਜੋੜੀ ਗਈ ਸ਼ੱਕਰ ਨੂੰ ਸੀਮਤ ਕਰਨਾ। ਇਹ ਖੁਰਾਕ ਤਬਦੀਲੀਆਂ, ਨਿਯਮਤ ਕਸਰਤ ਦੇ ਨਾਲ, ਹਾਈ ਬਲੱਡ ਪ੍ਰੈਸ਼ਰ ਦੇ ਪ੍ਰਬੰਧਨ ਵਿੱਚ ਪ੍ਰਭਾਵਸ਼ਾਲੀ ਹੋ ਸਕਦੀਆਂ ਹਨ।

ਖੁਰਾਕ ਸੰਬੰਧੀ ਮਹੱਤਵਪੂਰਨ ਤਬਦੀਲੀਆਂ ਕਰਨ ਤੋਂ ਪਹਿਲਾਂ ਆਪਣੀਆਂ ਖਾਸ ਲੋੜਾਂ ਅਤੇ ਦਵਾਈਆਂ ਬਾਰੇ ਆਪਣੇ ਡਾਕਟਰ ਨਾਲ ਗੱਲਬਾਤ ਕਰੋ- ਖਾਸ ਕਰਕੇ ਜੇਕਰ ਤੁਹਾਨੂੰ ਹਾਈ ਬਲੱਡ ਪ੍ਰੈਸ਼ਰ ਹੈ।

ਹਾਲਾਂਕਿ ਇਹ ਭੋਜਨ ਸੰਭਾਵੀ ਲਾਭ ਪ੍ਰਦਾਨ ਕਰਦੇ ਹਨ, ਯਾਦ ਰੱਖੋ ਕਿ ਹਾਈ ਬਲੱਡ ਪ੍ਰੈਸ਼ਰ ਦੇ ਪ੍ਰਬੰਧਨ ਲਈ ਇੱਕ ਵਿਆਪਕ ਪਹੁੰਚ ਦੀ ਲੋੜ ਹੁੰਦੀ ਹੈ। ਵਿਅਕਤੀਗਤ ਸਲਾਹ ਲਈ ਆਪਣੇ ਡਾਕਟਰ ਨਾਲ ਸਲਾਹ ਜਰੂਰ ਕਰੋ ਅਤੇ ਆਪਣਿਆਂ ਖਾਸ ਲੋੜਾਂ ਮੁਤਾਬਕ ਇਲਾਜ ਸ਼ੁਰੂ ਕਰਵਾਉ ਜਿਸ ਵਿਚ ਹੀ ਤੰਦਰੁਸਤ ਅਤੇ ਸਿਹਤਮੰਦ ਰਹਿਣ ਦਾ ਜ਼ਰੀਆਂ ਹੈ।

Chevron
TRUCK STOP
OPEN PARKING, DELI, SHOWER, LAUNDRY
• ਸਸਤਾ ਡੀਜ਼ਲ • ਕਾਰਾਂ ਦੀ ਸਸਤੀ ਗੈਸ
We accept all major fleet cards, credit cards including, Visa, MC, AE, Discover, Voyag and Writer Express.

(Or $9 off Chevron In-Store Purchase)
ਇਥੇ ਪੰਜਾਬੀ ਰੈਸਟੋਰੈਂਟ ਵੀ ਹੈ ਅਤੇ ਹਰ ਵੇਲੇ ਪੰਜਾਬੀ ਖਾਣਾ ਮਿਲਦਾ ਹੈ।
Chevron
Contact :
BALRAJ SINGH PANNU
541-942-0105
1250, Gateway Blvd. Cottage, OR 97424,
Ph : 541-942-4142 Fax : 541-942-9668

PIONEER VILLA

Chevron
TRUCK PLAZA
MOTEL • RESTAURANT
LOUNGE • MINI-MART
GIFT SHOP • OPEN 24 HR
FLEET • MULTI SERVICE
WE ACCEPT-TCH T-CHECK
COM CHECK - EFS -
ALL MAJOR CREDIT CARDS
PREETI PANNU
(541) 369-2801
FAX (541) 369-3810
33180 HWY 228 HALSEY, OR 97348

# SUNLIGHT ADULT DAY HEALTH CARE CENTRE

ਬੁਢਾਪੇ ਨੂੰ ਖ਼ੁਸ਼ਹਾਲ ਤੇ ਰੰਗੀਨ ਬਣਾਓ
ਨਵੀਆਂ-ਨਵੀਆਂ communities ਦੇ
ਲੋਕਾਂ ਨਾਲ ਬਿਤਾਓ ਸਮਾਂ



ਸੋਮਵਾਰ ਤੋਂ ਸ਼ੁਕਰਵਾਰ ਸਵੇਰੇ 9:00 ਵਜੇ ਤੋਂ ਦੁਪਹਿਰ 1:00 ਵਜੇ ਤੱਕ




Bus Pickup & Drop
ਸਾਫ਼- ਸੁਥਰਾ ਮਾਹੌਲ
Health Care Facility

Physical, Occupational & Speech Therapy
Dietition ਦੁਆਰਾ ਤਿਆਰ Nutritional Diet
ਮੈਡੀਕਲ ਸਹੂਲਤਾਂ Entertainment ਲਈ GAMES

ਅਸੀਂ ਤੁਹਾਡਾ ਮਨਪਸੰਦ 'ਇੰਡੀਅਨ ਖਾਣਾ' ਵੀ provide ਕਰਦੇ ਹਾਂ



ਅਗਰ ਤੁਹਾਡੇ ਕੋਲ ਮੈਡੀਕਲ ਹੈ ਤਾਂ ਸੈਂਟਰ ਵੱਲੋਂ
ਤੁਹਾਨੂੰ ਸਾਰੀਆਂ ਸੇਵਾਵਾਂ ਮੁਫ਼ਤ ਮਿਲਣਗੀਆਂ

ADDRESS:1581 Cummins Drive Suite 100, Modesto, CA 95358

CALL TODAY AT - (209) 408-0019
Email : sunlightadhc@yahoo.com

ਅਸੀਂ ਹਰ ਸਮੇਂ ਤੁਹਾਡੀ ਮਦਦ ਲਈ ਤਿਆਰ-ਬਰ -ਤਿਆਰ ਹਾਂ

# JK TYRE INC

JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600

With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-

With Installation
Singh: 510-766-9382

**Firestone FS591**

SPECIAL OFFER !!

STEER TIRE
295/75R22.5

With Installation
Singh: 510-766-9382



11R22.5

With Installation
Singh: 510-766-9382

**Sizes available in drive & trailer**

295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-

With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-

With Installation
Singh: 510-766-9382




FALKEN TIRES | GOODYEAR | KELLY TIRES | BARKLEY Feel the difference | PIRELLI
MICHELIN A better way forward | BRIDGESTONE | Firestone | YOKOHAMA
PEARLY | NAMA | TOYO TIRES driven to perform | Continental | DUNLOP TIRES

## S. Singh Cell: (510) 766-9382

2955 N. Wilson Way Stockton , CA 95205


A One Auto Repair
a1aurtorepair4@yahoo.com
ਏ ਵਨ ਆਟੋ ਰਿਪੇਅਰ ਸ਼ਾਪ
Tune up
Oil change
Transmission
Brakes
Engine
ਬ੍ਰੇਕ ਰਿਪੇਅਰ
ਆਇਲ ਬਦਲਣਾ
ਕਾਰਾਂ ਦੀ ਡਾਇਗਨੋਸਿਸ
ਟਿਊਨਅਪ
ਟ੍ਰਾਂਸਮਿਸਨਾਂ ਦਾ ਕੰਮ ਤੱਸਲੀਬਖਸ਼
24 ਘੰਟੇ ਉਪਲੱਬਧ
ਹਰ ਤਰ੍ਹਾਂ ਦੀ ਆਟੋ ਰਿਪੇਅਰ ਦਾ ਕੰਮ ਤੱਸਲੀਬਖਸ਼
ਫੋਰਗਨ ਅਤੇ ਡੋਮੇਸਟਿਕ ਕਾਰਾਂ ਦੀ ਰਿਪੇਅਰ
ਆਪਣੀਆਂ ਕਾਰਾਂ ਦੇ ਤੱਸਲੀਬਖਸ਼ ਰਿਪੇਅਰ ਲਈ ਪ੍ਰਦੀਪ ਸਿੰਘ ਨਾਲ
ਕਿਸੇ ਵੇਲੇ ਵੀ ਸੰਪਰਕ ਕਰ ਸਦਕੇ ਹੋਂ।
2213 Rockefeller Dr. Ste.D Ceres CA 95307
PH : (209) 537-5081, CELL : (209) 604-0354

# ਅਪਣੱਤ ਭਰੀਆਂ ਕਵਿਤਾਵਾਂ 'ਕੋਮਲ ਪੱਤੀਆਂ ਦਾ ਉਲਾਂਭਾ'




ਦਵਿੰਦਰ ਪਟਿਆਲਵੀ ਇੱਕ ਕੋਮਲਭਾਵੀ ਇਨਸਾਨ ਹੈ। ਕੋਮਲ ਅਹਿਸਾਸਾਂ ਨਾਲ ਭਰੇ ਇਸ ਇਨਸਾਨ ਨੇ ਸਾਹਿਤ ਦੀਆਂ ਵਿਭਿੰਨ ਵਿਧਾਵਾਂ - ਮਿੰਨੀ ਕਹਾਣੀ, ਕਹਾਣੀ, ਫੀਚਰ ਆਦਿ ਵਿੱਚ ਲਿਖਿਆ ਹੈ। ਉਹਦੀਆਂ ਪ੍ਰਕਾਸ਼ਿਤ ਮਿੰਨੀ ਕਹਾਣੀਆਂ ਦੀਆਂ ਦੋ ਕਿਤਾਬਾਂ 'ਛੋਟੇ ਲੋਕ' ਅਤੇ 'ਉਡਾਨ' (ਹਿੰਦੀ) ਨੇ ਪਾਠਕਾਂ ਅਤੇ ਸਮੀਖਿਅਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ।

ਪਿਛਲੇ ਲੰਮੇ ਸਮੇਂ ਤੋਂ ਪੰਜਾਬੀ ਸਾਹਿਤ ਸਭਾ ਪਟਿਆਲਾ ਨਾਲ ਜੁੜਿਆ ਦਵਿੰਦਰ ਹੁਣ ਇੱਕ ਕਾਵਿ ਕਿਤਾਬ 'ਕੋਮਲ ਪੱਤੀਆਂ ਦਾ ਉਲਾਂਭਾ' (ਕੇ ਪਬਲੀਕੇਸ਼ਨਜ਼, ਬਰੇਟਾ, ਮਾਨਸਾ; ਪੰਨੇ 98; ਮੁੱਲ 195/-) ਲੈ ਕੇ ਹਾਜ਼ਰ ਹੋਇਆ ਹੈ। ਇਹ ਕਾਵਿ ਕਿਤਾਬ ਇਸ ਸਾਲ ਦੇ ਅੱਧ ਵਿੱਚ ਪ੍ਰਕਾਸ਼ਿਤ ਹੋਈ ਹੈ, ਜਿਸ ਵਿੱਚ 41 ਕਵਿਤਾਵਾਂ ਹਨ।

ਹੁਣ ਤੱਕ ਇਸ ਪੁਸਤਕ ਬਾਰੇ ਭਰਪੂਰ ਚਰਚਾ ਕੀਤੀ ਜਾ ਚੁੱਕੀ ਹੈ। ਇਸ ਪੁਸਤਕ ਦੇ ਆਰੰਭ ਵਿੱਚ ਸਾਹਿਤ ਅਕਾਦਮੀ ਬਾਲ ਸਾਹਿਤ ਜੇਤੂ ਲੇਖਕ ਡਾ. ਦਰਸ਼ਨ ਸਿੰਘ ਆਸ਼ਟ, ਚਰਚਿਤ ਯੁਵਾ ਕਵੀ ਨਵਦੀਪ ਸਿੰਘ ਮੁੰਡੀ, ਪ੍ਰਸਿੱਧ ਮਿੰਨੀ ਕਹਾਣੀ ਲੇਖਕ ਤੇ ਆਲੋਚਕ ਡਾ. ਹਰਪ੍ਰੀਤ ਸਿੰਘ ਰਾਣਾ, ਸਾਹਿਤ ਅਕਾਦਮੀ ਅਨੁਵਾਦ ਜੇਤੂ ਲੇਖਕ ਜਗਦੀਸ਼ ਕੁਲਰੀਆਂ ਸਮੇਤ ਪਟਿਆਲਾ ਨਾਲ ਸੰਬੰਧਿਤ ਅਜੀਤ ਸਿੰਘ ਅਤੇ ਗੀਤਕਾਰ ਬਲਬੀਰ ਸਿੰਘ ਦਿਲਦਾਰ (ਪੰਨੇ 5-17) ਨੇ ਆਪੋ-ਆਪਣੇ ਵਿਚਾਰ ਲਿਖੇ ਹਨ।

ਪੁਸਤਕ ਦੀਆਂ ਜ਼ਿਆਦਾਤਰ ਕਵਿਤਾਵਾਂ ਪਰਿਵਾਰ, ਦਫ਼ਤਰ ਅਤੇ ਸਮਾਜਕ ਆਲੇ-ਦੁਆਲੇ ਨਾਲ ਸੰਬੰਧਿਤ ਹਨ। ਪਰਿਵਾਰਕ ਕਵਿਤਾਵਾਂ ਵਿੱਚ ਪਾਪਾ ਦੇ ਨਾਂ, ਮੁਸਕਾਨ ਦੇ ਨਾਂ, ਬੱਚਿਆਂ ਦੀ ਚੀਜੀ, ਛੁੱਟੀ ਵਾਲਾ ਦਿਨ, ਮਾਂ ਦਾ ਫ਼ਿਕਰ, ਪ੍ਰੀਤੀ ਦੇ ਨਾਂ, ਪਤਨੀ ਦਾ ਜਨਮਦਿਨ, ਬੇਟੀਆਂ ਦਾ ਫ਼ਿਕਰ, ਪੁਸਤਕ ਤੇ ਬੇਟੀ, ਸਕੂਲ ਜਾਣ ਸਮੇਂ ਮੁਸਕਾਨ ਦੀ ਐਕਟਿੰਗ, ਮੁਸਕਾਨ ਦੇ ਨਾਂ; ਦਫ਼ਤਰੀ ਮਾਹੌਲ ਦੀਆਂ ਕਵਿਤਾਵਾਂ ਵਿੱਚ ਘਰ ਤੋਂ ਦਫ਼ਤਰ ਤੱਕ, ਕੰਟੀਨ ਵਾਲ ਟਿੰਕਾ, ਟਿਫ਼ਿਨ, ਦਫ਼ਤਰ ਸਟੈਨੋ ਤੇ ਨਿੱਕਾ ਬੱਚਾ, ਦਫ਼ਤਰ ਵਿੱਚ ਨੌਕਰੀ ਕਰਨ ਵਾਲੀ ਮੈਡਮ, ਬਰਾਂਚ ਤੋਂ ਬਰਾਂਚ ਤੱਕ, ਦਫ਼ਤਰ ਵਾਲਾ ਬੈਗ; ਆਸਪਾਸ/ ਰੋਜ਼ਮੱਰਾ ਨਾਲ ਜੁੜੀਆਂ ਕਵਿਤਾਵਾਂ ਵਿੱਚ ਕੱਪੜੇ ਸਿਉਣ ਵਾਲੀ ਔਰਤ, ਰੋਟੀ ਰਿਕਸ਼ਾ ਤੇ ਡਿਗਰੀਆਂ, ਅਖ਼ਬਾਰ, ਸੈਰ ਕਰਦੇ ਕਾਲਜ ਪੜ੍ਹਨ ਵਾਲੇ ਬੱਚੇ, ਮੈਂ ਇੱਥੇ ਠੀਕ ਹਾਂ, ਵਾਤਾਵਰਨ ਪਾਰਕ, ਵਿਆਹ ਦੀ ਵਰ੍ਹੇਗੰਢ ਮਨਾਉਣ ਵਾਲੇ ਜੋੜਿਆਂ ਦੇ ਨਾਂ, ਪਿੰਡ ਦਾ ਸਮਾਗਮ, ਮੇਰੀਆਂ ਕਿਤਾਬਾਂ, ਪੁਰਖਿਆਂ ਦੇ ਸ਼ਹਿਰ ਵਿੱਚ ਲੇਖਕ, ਦੋਸਤ ਤੇ ਉਸ ਨਾਲ ਸੈਰ ਕਰਦਾ ਡੌਗੀ, ਅਖ਼ਬਾਰ ਪੜ੍ਹਦੇ ਬੱਚੇ, ਬੱਸ ਬੱਚਾ ਤੇ ਸਹਿਯਾਤਰੀ; ਯਾਦਾਂ ਨਾਲ ਸੰਬੰਧਿਤ ਕਵਿਤਾਵਾਂ ਵਿੱਚ ਸਕੂਲ, ਰੋਜ਼ ਗਾਰਡਨ ਤੋਂ ਢੁਡਿਆਲ ਸਕੂਲ ਤੱਕ; ਵਿਕੋਲਿੱਤਰੀਆਂ ਕਵਿਤਾਵਾਂ ਵਿੱਚ ਪਿੰਗਲਵਾੜਾ ਆਸ਼ਰਮ, ਮੇਰੇ ਕੋਲ ਕੁਝ ਵੀ ਨਹੀਂ, ਅਹਿਸਾਸ, ਰਸੋਈ, ਗੱਲਾਂ, ਕਵਿਤਾ ਦੀ ਨਰਾਜ਼ਗੀ, ਬਾਰਿਸ਼ ਆਦਿ ਦਾ ਜ਼ਿਕਰ ਕੀਤਾ ਜਾ ਸਕਦਾ ਹੈ।

ਘਰ ਅਤੇ ਦਫ਼ਤਰ ਵਿੱਚ ਤਾਲਮੇਲ ਬਿਠਾਉਣਾ ਹਰ ਕਿਸੇ ਦੇ ਹੱਥ-ਵੱਸ ਨਹੀਂ ਹੁੰਦਾ। ਕਦੇ ਕੋਈ ਬੰਦਾ ਦਫ਼ਤਰ ਵਿੱਚ ਹੀ ਏਨਾ ਰੁੱਝ ਜਾਂਦਾ ਹੈ ਕਿ ਪਰਿਵਾਰ ਵੱਲ ਧਿਆਨ ਨਹੀਂ ਦੇ ਸਕਦਾ ਤੇ ਕਈ ਬੰਦੇ ਸਿਰਫ਼ ਘਰ-ਪਰਿਵਾਰ ਵਿੱਚ ਹੀ 'ਚ ਹੀ ਏਨਾ ਖੁੱਭੇ ਰਹਿੰਦੇ ਹਨ ਕਿ ਦਫ਼ਤਰ/ਨੌਕਰੀ ਦੀਆਂ ਜ਼ਿੰਮੇਵਾਰੀਆਂ ਨੂੰ ਚੰਗੀ ਤਰ੍ਹਾਂ ਨਹੀਂ ਨਿਭਾ ਸਕਦੇ। ਪਰ ਦਵਿੰਦਰ ਨੇ ਇਨ੍ਹਾਂ ਦੋਹਾਂ ਵਿੱਚ ਸਹਿਜ-ਸੁਮੇਲ ਸਥਾਪਤ ਕਰ ਲਿਆ ਹੈ ਤੇ ਦੋਹਾਂ ਨੂੰ ਬਣਦਾ ਯਥਾਯੋਗ ਸਮਾਂ ਦੇ ਰਿਹਾ ਹੈ। ਕਦੇ-ਕਦਾਈਂ ਅਜਿਹੇ ਪਲ ਆਉਂਦੇ ਹਨ ਕਿ ਵਿਅਕਤੀ ਘਰ-ਦਫ਼ਤਰ ਦੀ ਘੁੰਮਣਘੇਰੀ ਵਿੱਚ ਫਸਿਆ ਮਹਿਸੂਸ ਕਰਦਾ ਹੈ। 'ਘਰ ਤੋਂ ਦਫ਼ਤਰ ਤੱਕ' ਕਵਿਤਾ ਵਿੱਚ ਇਸ ਗੱਲ ਨੂੰ ਸਪਸ਼ਟ ਕੀਤਾ ਗਿਆ ਹੈ:

ਦਫ਼ਤਰ ਵਿੱਚ ਕੇਸ ਡੀਲ ਕਰਦੇ
ਪੈਂਡਿੰਗ ਕੇਸਾਂ ਦੀਆਂ ਲਿਸਟਾਂ ਬਣਾਉਂਦੇ
ਅਕਸਰ ਪਤਨੀ ਵੱਲੋਂ
ਫੜਾਈ ਰਾਸ਼ਨ ਦੀ ਲੰਮੀ ਲਿਸਟ
ਅੱਖਾਂ ਅੱਗੇ ਘੁੰਮਦੀ ਹੈ...
ਬੜਾ ਮੁਸ਼ਕਲ ਹੈ ਘਰ ਜਾ ਕੇ ਦਫ਼ਤਰ
ਅਤੇ ਦਫ਼ਤਰ ਜਾ ਕੇ ਘਰ ਬਾਰੇ ਭੁੱਲਣਾ (29-30)

ਦਵਿੰਦਰ ਮਿਹਨਤਕਸ਼ ਲੋਕਾਂ ਨੂੰ ਪਿਆਰ ਤੇ ਸਤਿਕਾਰ ਦੀ ਨਜ਼ਰ ਨਾਲ ਵੇਖਦਾ ਹੈ। ਉਹ ਕਿਉਂਕਿ ਆਪ ਮਿਹਨਤ ਨਾਲ ਟਾਈਪਿੰਗ, ਸਟੈਨੋ ਕਰਦਿਆਂ/ਸਿਖਦਿਆਂ ਚੰਗੀ ਨੌਕਰੀ ਤੇ ਪੁੱਜਾ ਹੈ, ਇਸਲਈ ਉਹਦੇ ਮਨ ਵਿੱਚ ਹਿੰਮਤੀ ਤੇ ਮਿਹਨਤੀ ਲੋਕਾਂ ਦੀ ਕਾਫੀ ਕਦਰ ਹੈ। ਇਸ ਸੰਗ੍ਰਹਿ ਵਿੱਚ ਕੁਝ ਕਵਿਤਾਵਾਂ ਅਜਿਹੇ ਕਾਮਿਆਂ/ਕਿਰਤੀਆਂ ਨਾਲ ਸੰਬੰਧਿਤ ਹਨ - ਕੱਪੜੇ ਸਿਉਣ ਵਾਲੀ ਔਰਤ, ਰੋਟੀ ਰਿਕਸ਼ਾ ਤੇ ਡਿਗਰੀਆਂ, ਕੰਟੀਨ ਵਾਲਾ ਟਿੰਕਾ, ਦਫ਼ਤਰ ਸਟੈਨੋ ਤੇ ਨਿੱਕਾ ਬੱਚਾ ਆਦਿ। ਕੰਮੀਂ ਰੁੱਝੀ ਇੱਕ ਔਰਤ ਦੀ ਮਾਰਮਿਕ ਤਸਵੀਰ ਉਹ ਇਸ ਤਰ੍ਹਾਂ ਪੇਸ਼ ਕਰਦਾ ਹੈ :

ਬਾਈਕ ਤੇ ਸਵਾਰ ਹੋ ਕੇ
ਦਫ਼ਤਰ ਜਾਂਦੇ ਜਾਂਦੇ ਰਾਹ ਵਿੱਚ ਸੋਚਦਾ ਹਾਂ
ਕੱਪੜੇ ਸਿਉਣ ਵਾਲੀ ਔਰਤ
ਕਦੋਂ ਸੌਂਦੀ ਹੋਵੇਗੀ
ਕਦੋਂ ਖਾਂਦੀ ਹੋਵੇਗੀ ਰੋਟੀ
ਸਾਰਾ ਦਿਨ ਤਾਂ ਚਲਦੀ ਹੈ ਉਹਦੀ ਸਿਲਾਈ ਮਸ਼ੀਨ
ਬੇਰੋਕ ਟੋਕ (35)

ਪੁਸਤਕ ਵਿੱਚ ਕੁਝ ਮਾਮੂਲੀ ਉਕਾਈਆਂ ਵੀ ਮੈਨੂੰ ਨਜ਼ਰ ਆਈਆਂ ਹਨ। ਹੋ ਸਕਦਾ ਹੈ ਕਿ ਇਹ ਪਰੂਫ਼ ਰੀਡਿੰਗ ਦੀਆਂ ਹੋਣ। ਜਿਵੇਂ ਕਿ : ਦੋ ਕਵਿਤਾਵਾਂ ਦਾ ਇੱਕ ਹੀ ਸਿਰਲੇਖ ਹੈ - 'ਮੁਸਕਾਨ ਦੇ ਨਾਂ' (ਪੰਨਾ 31 ਅਤੇ 98); ਇੱਕ ਕਵਿਤਾ ਦੇ ਸ਼ਬਦਜੋੜ ਵਿੱਚ ਫ਼ਰਕ ਹੈ - 'ਕੱਪੜੇ ਸਿਉਣ ਵਾਲੀ ਔਰਤ' (ਤੱਤਕਰਾ ਵਿੱਚ ਸਿਊਣ ਤੇ ਅੰਦਰਵਾਰ ਸਿਣ, 35); ਤਿੰਨ ਕਵਿਤਾਵਾਂ ਦੇ ਸਿਰਲੇਖ ਤੱਤਕਰਾ ਵਿੱਚ ਤੇ ਅੰਦਰਵਾਰ ਅੰਤਰ ਵਾਲੇ ਹਨ - 'ਸੈਰ ਕਰਦੇ ਕਾਲਜ ਪੜ੍ਹਨ ਵਾਲੇ ਬੱਚੇ' (ਸੈਰ ਕਰਦੇ ਕਾਲਜ ਵਿੱਚ ਪੜ੍ਹਨ ਵਾਲੇ ਬੱਚੇ, 44); 'ਮੈਂ ਇੱਥੇ ਠੀਕ ਹਾਂ' (ਮੈਂ ਇੱਥੇ ਹੀ ਠੀਕ ਹਾਂ, 48); 'ਵਿਆਹ ਦੀ ਵਰ੍ਹੇਗੰਢ ...' (ਅੰਦਰਵਾਰ ਸਿਰਲੇਖ 'ਕਵਿਤਾ' ਹੈ ਤੇ ਨਾਲ ਬ੍ਰੈਕਟ ਵਿੱਚ ਲਿਖਿਆ ਹੈ- ਵਿਆਹ ਦੀ ਵਰ੍ਹੇਗੰਢ ..., 54)।

ਸੰਗ੍ਰਹਿ ਦੀਆਂ ਲੱਗਭੱਗ ਸਾਰੀਆਂ ਹੀ ਕਵਿਤਾਵਾਂ ਆਪਣਿਆਂ/ਅਪਣੱਤ ਬਾਰੇ ਹਨ।

ਕਵੀ ਨੇ ਖ਼ਿਆਲੀ ਜਾਂ ਕਾਲਪਨਿਕ ਉਡਾਰੀਆਂ ਰਾਹੀਂ ਵਲਵਲੇ/ਜਜ਼ਬੇ ਵਾਲੀਆਂ ਕਵਿਤਾਵਾਂ ਨਹੀਂ ਲਿਖੀਆਂ, ਸਗੋਂ ਆਸਪਾਸ ਵਿਚਰਦੇ/ਰੋਜ਼ਾਨਾ ਮਿਲਦੇ-ਗਿਲਦੇ ਲੋਕਾਂ ਬਾਰੇ ਸਧਾਰਨ ਬੋਲੀ ਤੇ ਸ਼ੈਲੀ ਵਿੱਚ ਲਿਖਿਆ ਹੈ।

ਉਹਨੇ ਬਿਨਾਂ ਕਿਸੇ ਉਚੇਚ ਤੋਂ, ਬਿਨਾਂ ਅਲੰਕਾਰਾਂ, ਚਿੰਨ੍ਹਾਂ, ਪ੍ਰਤੀਕਾਂ ਤੋਂ ਆਮ ਲੋਕਾਂ ਦੇ ਸਮਝ ਆਉਣ ਵਾਲੀ ਭਾਸ਼ਾ ਦੀ ਵਰਤੋਂ ਕੀਤੀ ਹੈ। 'ਪਾਪਾ ਦੇ ਨਾਂ' (23) ਤੋਂ 'ਮੁਸਕਾਨ ਦੇ ਨਾਂ' (98) ਤੱਕ ਫੈਲੀਆਂ ਇਹ ਕਵਿਤਾਵਾਂ ਜ਼ਿੰਦਗੀ ਦੀ ਸਹਿਜਤਾ, ਰਵਾਨੀ ਤੇ ਸ਼ਾਂਤੀ ਨਾਲ ਵਾਬਸਤਾ ਹਨ। ਦਵਿੰਦਰ ਨੂੰ ਉਹਦੀ ਪਹਿਲ-ਪਲੇਠੀ ਕਾਵਿ-ਕਿਤਾਬ ਲਈ ਮੁਬਾਰਕ!



ਸਾਂਝੀ ਸੋਚ
ਪ੍ਰੋ.ਨਵ ਸੰਗੀਤ ਸਿੰਘ
ਪੋਸਟਗ੍ਰੈਜੂਏਟ ਪੰਜਾਬੀ ਵਿਭਾਗ,
ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ
94176-92015.



ਸਭ ਦੀ ਪਹਿਲੀ ਪਸੰਦ

# JEWEL OF INDIA

## Sweets & Restaurant

ਹਰ ਤਰ੍ਹਾਂ ਦੀਆਂ ਸਵਾਦਿਸ਼ਟ ਇੰਡੀਅਨ ਮਠਿਆਈਆਂ ਤੇ ਲਾਜਵਾਬ ਭੋਜਨ





ਵਿਆਹ - ਸ਼ਾਦੀਆਂ ਲਈ ਸਪੈਸ਼ਲ ਆਡਰ ਅਨੁਸਾਰ

ਤਾਜ਼ੀਆਂ ਮਠਿਆਈਆਂ ਤਿਆਰ ਕਰਵਾ ਸਕਦੇ ਹੋ



**OPEN :**

**MONDAY -SUNDAY - 10:00 AM - 9:00 PM**

**Pick up or Delivery . Order Online at**

**www.JEWELOFINDIAINC.com**




Veg & Non-Veg (BOTH)

VEG NON-VEG

Order The Best
Indian Sweets

**Sukhraj: (408) 637-1464**
**Ph: (408) 929-5117 | Fax: (408) 929-3894**

Address: 2634 Alum Rock Ave San Jose, CA 95116


EXIT
EXIT REALTY CONSULTANTS
150 W.Yosemite Ave.,Manteca ,CA ,95336
ਵਪਾਰਕ, ਰਿਹਾਇਸ਼ੀ, ਉਦਯੋਗਿਕ, ਖੇਤੀਬਾੜੀਜ਼ਮੀਨਾਂ
(ਘਰ , ਖਾਲੀ ਜ਼ਮੀਨ ,ਫਾਰਮ ,ਸਟੇਸ਼ਨ )
ਵਾਜਬ ਰੇਟਾਂ ਤੇ ਵੇਚਣ ਜਾਂ ਖਰੀਦਣ ਲਈ
ਇਮਾਨਦਾਰ ਅਤੇ ਭਰੋਸੇਮੰਦ ਸੇਵਾਵਾਂ ਲਈ ਮਿਲੋ
Raman Bassi
Realtor DRE # 02162139
ਵਧੇਰੇ ਜਾਣਕਾਰੀ ਲਈ ਕਾਲ ਕਰੋ
Cell : 510-432-8122
Office : 209-823-1234
www.RamanBassi.EXITHOME.COM
RBassi@EXITHOME.com

# ਸਾਉਣ ਦਾ ਮਹੀਨਾ

ਸਾਉਣ ਦਾ ਮਹੀਨਾ ਮਾਹੀਆ
ਅੱਜ ਗਿਆ ਚੜ੍ਹ ਵੇ,
ਤੇਰੀਆਂ ਯਾਦਾਂ ਨੇ ਆ ਕੇ ਮੇਰਾ
ਦਿਲ ਲਿਆ ਫੜ ਵੇ।
ਕਾਲੀਆਂ ਘਟਾਵਾਂ ਅੰਬਰ ਤੇ ਛਾ
ਗਈਆਂ ਨੇ,
ਹੌਲੀ, ਹੌਲੀ ਕਣੀਆਂ ਵੀ ਪੈਣ
ਲੱਗ ਪਈਆਂ ਨੇ।
ਹਾੜ੍ਹ ਦੀ ਗਰਮੀ ਤੋਂ ਛੁਟਕਾਰਾ
ਮਿਲ ਜਾਣਾ ਏ,
ਸੁੱਕ ਰਹੇ ਵੇਲ,ਬੂਟਿਆਂ ਨੂੰ
ਸਹਾਰਾ ਮਿਲ ਜਾਣਾ ਏ।
ਕੱਠੇ ਹੋ ਕੇ ਬੱਚਿਆਂ ਨੇ ਮੀਂਹ
ਵਿੱਚ ਨਹਾਉਣਾ ਏ,
ਮੱਝਾਂ ਤੇ ਗਾਵਾਂ ਨੂੰ ਵੀ ਸੁੱਖ ਦਾ
ਸਾਹ ਆਉਣਾ ਏ।
ਖੀਰ ਤੇ ਪੂੜੇ ਬਣਾਉਣ ਲਈ
ਸੱਸ ਨੇ ਕਹਿਣਾ ਏ,
ਤੇਰੇ ਬਿਨਾਂ ਮੈਥੋਂ ਇਹ ਸਭ ਕੁਝ
ਨਹੀਂ ਹੋਣਾ ਏ।
ਦੂਰ ਰਹਿ ਕੇ ਲੰਘਾ ਨਾ ਦੇਵੀਂ
ਸਾਉਣ ਦਾ ਮਹੀਨਾ ਵੇ,
ਤੇਰੇ ਬਿਨਾਂ ਮੀਂਹ 'ਚ ਵੀ ਤਪੀ
ਜਾਣਾ ਮੇਰਾ ਸੀਨਾ ਵੇ।
ਹੁੰਦੇ ਉਹ ਸਿਆਣੇ ਜਿਹੜੇ ਮੌਕੇ
ਨੂੰ ਸੰਭਾਲਦੇ,
ਹੁੰਦੇ ਉਹ ਮੂਰਖ ਜਿਹੜੇ ਰਾਖ
ਚੋਂ ਸੋਨਾ ਭਾਲਦੇ।



SANJHI SOCH
ਮਹਿੰਦਰ ਸਿੰਘ ਮਾਨ
ਸਲੋਹ ਰੋਡ, ਨਵਾਂ ਸ਼ਹਿਰ
99158-03554

# ਹਕੀਕਤ

*-ਰਿਸ਼ਤੇਦਾਰ ਕੁੱਝ ਚੰਗੇ ਨੇ ਕੁੱਝ ਮੰਦੇ ਨੇ, ਹਰ ਇਕ ਨੇ ਆਪੋ ਆਪਣੇ ਰੰਗ ਬੰਨੇ ਨੇ।

*-ਰਿਸ਼ਤੇਦਾਰ ਕੁੱਝ ਖਾਸ ਨੇ ਕੁੱਝ ਬਕਵਾਸ ਨੇ, ਪਰ ਫਿਰ ਵੀ ਹਰ ਕਿਸੇ ਨੂੰ ਇਕ ਦੂਜੇ ਕੋਲੋਂ ਚੰਗੇ ਦੀ ਆਸ ਹੈ।

*-ਹਰ ਵਾਰ ਆਪਾਂ ਨੂੰ ਉਹ ਨਹੀਂ ਮਿਲਦਾ ਜੋ ਆਪਾਂ ਚਾਹੁੰਦਾ ਹਾਂ।

*-ਰਿਸ਼ਤੇ ਬਣਾਉਣੇ ਇੱਕ ਕਲਾ ਹੈ ਪਰ ਉਹਨਾਂ ਨੂੰ ਨਿਭਾਉਣਾ ਇੱਕ ਭਗਤੀ ਹੈ।

*-ਪੰਜਾਬ ਲਈ ਸਿਰ ਵਾਰਨ ਦੂੱਲੇ ਪਰ ਪੰਜਾਬ ਤੇ ਰਾਜ ਕਰਨ ਦੱਲੇ, ਕਿਵੇਂ ਪੰਜਾਬ ਦਾ ਭਲਾ ਹੋਵੇਗਾ?

*-ਜ਼ਿੰਦਗੀ ਚ ਭਾਵੇਂ ਸਭ ਕੁੱਝ ਛੱਡ ਦੇਣਾ ਪਰ ਕਦੇ ਉਮੀਦ, ਮੁਸਕਰਾਉਣਾ ਅਤੇ ਹੌਂਸਲਾ ਨਾ ਛੱਡਣਾ।

*-ਜੋ ਲੋਕ ਮੂੰਹ ਲਮਕਾ ਕੇ ਹੌਲੀ ਜਿਹੀ ਦੱਸਦੇ ਨੇ ਕਿ ਕੁੜੀ ਹੋਈਆ, ਉਨਾਂ ਲੋਕਾਂ ਨੂੰ ਉਲੰਪਿਕ ਖੇਡਾਂ ਜਰੂਰ ਦੇਖਣੀਆਂ ਚਾਹੀਦੀਆਂ ਨੇ।

*-ਕਿਸੇ ਨੂੰ ਖੁਸ਼ੀ ਦੇਣ ਦੇ ਚੱਕਰ 'ਚ ਆਪ ਦੁੱਖੀ ਨਾ ਹੋਇਆ ਕਰੋ?

*-ਆਪਣੀ ਨਿੱਜੀ ਜ਼ਿੰਦਗੀ ਨੂੰ ਸ਼ੋਸ਼ਲ ਮੀਡੀਆ ਉੱਤੇ ਖੁੱਲ੍ਹੀ ਕਿਤਾਬ ਵਾਂਗ ਲਿਖਣਾ ਕੋਈ ਸਿਆਣਪ ਨਹੀਂ ਹੈ।

*-ਰਿਸ਼ਤੇਦਾਰਾਂ ਦੇ ਦੂਹਰੇ ਤੀਹਰੇ ਕਿਰਦਾਰ ਹੋਏ ਪਏ ਨੇ, ਰਿਸ਼ਤੇਦਾਰ ਸਮਝੋਂ ਬਾਹਰ ਹੋਏ ਪਏ ਨੇ।

*-ਕਿਸੇ ਨੇਕ ਰੂਹ ਨਾਲ ਪੰਗਾ ਨਹੀਂ ਲੈਣਾ ਚਾਹੀਦਾ, ਕਿਉਂਕਿ ਜੇਕਰ ਉਸਨੇ ਸਭ ਕੁੱਝ ਸਹਿਣ ਕਰ ਲਿਆ ਤਾਂ ਸਮਝ ਲੈਣਾ ਹੁਣ ਪੰਗਾ ਕੁਦਰਤ ਨਾਲ ਪੈ ਗਿਆ ਹੈ।

*-ਮਾਵਾਂ ਦੇ ਚਰਨ ਹੁੰਦੇ ਨੇ, ਧੀਆਂ ਦੇ ਕਰਮ ਹੁੰਦੇ ਨੇ।

*-ਭੁੱਖੇ ਨੂੰ ਰੋਟੀ ਖਵਾ ਦਿਉ ਤੇ ਪਿਆਸੇ ਨੂੰ ਪਾਣੀ ਪਿਲਾ ਦਿਉ ਇਹ ਵੀ ਧਰਮ ਹੁੰਦੇ ਨੇ।

*-40 ਸਿੱਖ 10 ਲੱਖ ਨਾਲ ਲੜੇ, 21 ਸਿੱਖ 10 ਹਜ਼ਾਰ ਨਾਲ ਲੜੇ, 200 ਸਿੱਖ 2 ਲੱਖ ਫ਼ੌਜ ਨਾਲ ਲੜੇ, ਸੋ ਐਵੇਂ ਹੌਂਸਲਾ ਨਾ ਹਾਰੋ ਕੇ ਅਸੀਂ ਗਿਣਤੀ ਵਿਚ ਥੋੜੇ ਹਾਂ।

*-ਵਾਹ ਕੇ ਪੈਲ਼ੀ ਲੋਕਾਂ ਫ਼ਸਲ ਬੀਜਤੀ ਇਹ ਸਭ ਜੱਗ ਜਾਣਦਾ, ਕੀਹਦੇ ਕਰਮਾਂ ਚ ਕਿੰਨੀ ਨਿਕਲੂ ਕਣਕ ਇਹਤਾਂ ਰੱਬ ਜਾਣਦਾ।

*-ਤਰਾਂ ਤਰਾਂ ਦੀ ਦੁਨੀਆਂ ਟੱਕਰੀ, ਵੰਨ ਸੁਵੰਨੀਆਂ ਸ਼ਕਲਾਂ ਸੀ। ਚੰਗੇ ਲੋਕੀਂ ਯਾਦਾਂ ਦੇ ਗਏ, ਮਾੜੇ ਦੇ ਗਏ ਅਕਲਾਂ ਜੀ।

*-ਬੱਕਰੇ ਨੂੰ ਵੱਢ ਕੇ ਕਸਾਈ ਮਾਸ ਵੇਜ ਦਿੰਦੇ ਅਤੇ ਖਲੜੀ ਦਾ ਢੋਲਕ ਤੇ ਤਬਲਾ ਬਣਾਇਆ ਜਾਂਦਾ ਹੈ।



Paramjit Singh Sekhon (Dakha)
President, Dal Khalsa Alliance
1700 Shattuck Ave, # 303 Berkeley CA 94709. (510)774 5909.
A Nonprofit Organization Dedicated to Public Awareness

LARRY T. NIERMEYER
Attorney at Law



OFFERING SERVICES IN THE FOLLOWING AREAS





1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation

PHONE: (209) 574-9447

1420 F STREET ST_ 2ND FLOOR MODESTO, CA 95354
Email : ltniermeyer@aol.com

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

**ਸੈਕਰਾਮੈਂਟੋ, ਕੈਲੀਫੋਰਨੀਆ**

**AUTO · HOME · TRUCK · BUSINESS · LIFE · MEDICAL**

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**

6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



Capital DRUG TESTING

# CAPITAL DRUG TESTING

## Drug and Alcohol Test

## DOT / NON DOT

**PRE EMPLOYMENT - RANDOM**
**POST ACCIDENT - REASONABLE SUSPICION**

**Services: DOT Random Prog., FMCSA Clearinghouse, DOT Supervisor Training, SAP Classes Etc.**

**Lab. Ph:(916) 680-9293**

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com